**ਬੀ.ਐਡ. ਸਮੈਸਟਰ ਪਹਿਲਾ** **ਪੇਪਰ ਤੀਜਾ**

**ਅਧਿਆਪਨ ਸਿੱਖਣ ਪ੍ਰਕਿਰਿਆ**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

## ਭਾਗ–ੳ

**ਪਾਠ ਨੰਬਰ :**

1.1 : ਅਧਿਆਪਨ-ਇਸ ਦਾ ਸਰੂਪ, ਵਿਸ਼ੇਸਤਾਵਾਂ, ਅਧਿਆਪਨ ਦੇ ਸਿਧਾਂਤ, ਅਧਿਆਪਨ ਦੇ ਸੂਤਰ ਅਤੇ ਅਧਿਆਪਨ-ਸਿੱਖਣ ਪ੍ਰਕ੍ਰਿਆ ਦੀ ਮਹੱਤਤਾ

1.2 : ਸਿੱਖਣ- ਸਿੱਖਣ ਦਾ ਸੰਕਲਪ, ਕਿਰਿਆ ਅਤੇ ਅਧਿਆਪਨ ਸਿੱਖਣ ਦਾ ਆਪਸੀ ਸੰਬੰਧ

1.3. : ਅਧਿਆਪਨ ਅਤੇ ਵਿਦਿਆਰਥੀ ਦੇ ਸੰਬੰਧ ਵਿੱਚ ਵਿਵਹਾਰਵਾਦ, ਗਿਆਨਾਤਮਕਵਾਦ ਅਤੇ ਰਚਨਾਤਮਕਵਾਦ

1.4. : ਅਕਾਦਮਿਕ ਸਿੱਖਣ ਲਈ ਅਧਿਆਪਨ : ਉਦੇਸ਼, ਵਰਗੀਕਰਨ (ਟੈਕਸੋਨੋਮੀ) ਦੀ ਵਰਤੋਂ ਕਰਦੇ ਹੋਏ ਲਚਕੀਲੀ ਅਤੇ ਰਚਨਾਤਮਕ ਯੋਜਨਾਬੰਦੀ, ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ

ਪਾਠ ਨੰ: 1.1

ਲੇਖਕ : ਡਾ. ਆਗਿਆਜੀਤ ਸਿੰਘ
ਅਨੁਵਾਦਕ : ਡਾ. ਰਾਜਿੰਦਰ ਪਾਲ ਕੌਰ

# ਅਧਿਆਪਨ-ਇਸ ਦਾ ਸਰੂਪ ਵਿਸ਼ੇਸ਼ਤਾਵਾਂ, ਸਿੱਖਣ ਦੀ ਸੰਕਲਪ, ਸਿੱਖਣ ਦੇ ਸਿਧਾਂਤਾਂ ਤੇ ਆਧਾਰਿਤ ਅਧਿਆਪਨ ਦੇ ਸਿਧਾਂਤ ਅਤੇ ਅਧਿਆਪਨ ਸਿੱਖਣ ਪ੍ਰਕ੍ਰਿਆ ਦੀ ਮਹੱਤਤਾ

**ਬਣਤਰ**

1.1.1 ਉਦੇਸ਼
1.1.2 ਭੂਮਿਕਾ
1.1.3 ਅਧਿਆਪਨ ਦਾ ਸੰਕਲਪ ਅਤੇ ਸਰੂਪ
1.1.3.1 ਅਧਿਆਪਨ ਦੀਆਂ ਪਰਿਭਾਸ਼ਾਵਾਂ
1.1.3.2 ਅਧਿਆਪਨ ਬਾਰੇ ਭਿੰਨ ਭਿੰਨ ਵਿਚਾਰ
1.1.3.3 ਅਧਿਆਪਨ ਦੀਆਂ ਵਿਸ਼ੇਸ਼ਤਾਵਾਂ
1.1.4 ਸਿੱਖਣ ਦੇ ਸਿਧਾਂਤਾਂ ਉਪਰ ਨਿਰਭਰ ਅਧਿਆਪਨ ਦੇ ਸਿਧਾਂਤ
1.1.4.1 ਹਿਲਗਰਡ ਦੇ ਸਿਖਣ ਸਿਧਾਂਤਾ ਉਪਰ ਆਧਾਰਿਤ ਅਧਿਆਪਨ ਦੇ ਸਿਧਾਂਤ
1.1.4.2 ਈ.ਆਰ. ਮੈਕਕੌਨੈਲ ਦੇ ਸਿਖਣ ਸਿਧਾਂਤਾ ਉਪਰ ਆਧਾਰਿਤ ਅਧਿਆਪਨ ਦੇ ਸਿਧਾਂਤ
1.1.5 ਅਧਿਆਪਨ ਦੇ ਸਿਧਾਂਤ
1.1.5.1 ਸਧਾਰਨ ਸਿਧਾਂਤ
1.1.5.2 ਮਨੋਵਿਗਿਆਨਕ ਸਿਧਾਂਤ
1.1.6 ਸਿੱਖਣ ਦੇ ਸੂਤਰ
1.1.7 ਅਧਿਆਪਨ-ਸਿੱਖਣ ਪ੍ਰਕਿਰਿਆ ਦੀ ਮਹੱਤਤਾ
1.1.8 ਸਿੱਟਾ
1.1.9 ਸੁਝਾਏ ਗਏ ਪ੍ਰਸ਼ਨ
1.1.10 ਤਜਵੀਜ਼ ਸੂਚੀ

**1.1.1 ਉਦੇਸ਼:** ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਹੇਠ ਲਿਖੇ ਤੱਥਾਂ ਤੋ ਜਾਣੂ ਹੋਣਗੇ:

1.1. ਅਧਿਆਪਨ ਦਾ ਸੰਕਲਪ ਅਤੇ ਸਰੂਪ
2. ਅਧਿਆਪਨ ਦੀਆਂ ਵਿਸ਼ੇਸ਼ਤਾਵਾਂ
3. ਅਧਿਆਪਨ ਦੇ ਸਿਧਾਂਤ
4. ਸਿੱਖਣ ਦੇ ਸਿਧਾਂਤਾ ਉਪਰ ਨਿਰਧਾਰਿਤ ਅਧਿਆਪਨ ਦੇ ਸਿਧਾਂਤ
5. ਅਧਿਆਪਨ ਦੇ ਸੂਤਰ
6. ਅਧਿਆਪਨ-ਸਿੱਖਣ ਪ੍ਰਕ੍ਰਿਆ ਦੀ ਅਧਿਆਪਕ ਲਈ ਮਹੱਤਤਾ

**1.1.2 ਭੂਮਿਕਾ:** ਅਧਿਆਪਨ ਸਿੱਖਣ ਪ੍ਰਕਿਰਿਆ ਨੂੰ ਸਿੱਖਿਆ ਦੇ ਸਮੁੱਚੇ ਖੇਤਰ ਵਿੱਚ ਇਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਹ ਕੋਈ ਨਵਾਂ ਸੰਕਲਪ ਨਹੀਂ ਹੈ ਜਿਵੇਂ ਕਿ ਕੁਝ ਸਿੱਖਿਆ ਸ਼ਾਸਤਰੀ ਮੰਨਦੇ ਹਨ।

ਇਹ ਉਨ੍ਹਾਂ ਹੀ ਪੁਰਾਣਾ ਹੈ ਜਿੰਨੀ ਧਰਤੀ ਉਪਰ ਮਨੁੱਖ ਦੀ ਹੋਂਦ, ਪਰੰਤੂ ਸਮੇਂ ਦੇ ਨਾਲ ਨਾਲ ਇਸ ਅੰਦਰ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਰਹੀਆਂ ਹਨ।

ਅਧਿਆਪਨ ਤੇ ਸਿੱਖਣ ਵਿਦਿਅਕ ਕਿਰਿਆ ਦੇ ਦੋ ਪੱਖ ਹਨ। ਪਰੰਤੂ ਦੋਵੇਂ ਅੰਤਰ-ਸੰਬੰਧਿਤ ਹਨ। ਅਸੀਂ ਇਕ ਨੂੰ ਦੂਜੇ ਤੋਂ ਅਲੱਗ ਨਹੀਂ ਕਰ ਸਕਦੇ। ਅਧਿਆਪਨ ਦਾ ਮੁੱਖ ਉਦੇਸ਼ ਸਿੱਖਣ ਨੂੰ ਸਰਲ ਕਰਨਾ ਹੈ। ਜਿੱਥੇ ਅਧਿਆਪਨ ਹੈ ਉੱਥੇ ਸਿੱਖਣ ਵੀ ਹੋਵੇਗਾ। ਇੰਜ ਅਧਿਆਪਨ ਦਾ ਵਿਚਾਰ ਸਿੱਖਣ ਤੋਂ ਬਗੈਰ ਅਧੂਰਾ ਹੈ। ਅਧਿਆਪਨ ਸਿੱਖਣ ਪ੍ਰਕਿਰਿਆ, ਇਸ ਦੇ ਸਰੂਪ ਅਤੇ ਸੰਕੇਤ-ਭਾਵਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਸਾਨੂੰ ਇਹ ਅਧਿਐਨ ਕਰਨਾ ਹੋਵੇਗਾ ਕਿ ਅਧਿਆਪਨ ਕੀ ਹੈ, ਅਤੇ ਸਿੱਖਣਾ ਕੀ ਹੈ?

**1.1.3 ਅਧਿਆਪਨ ਦਾ ਸੰਕਲਪ ਸਰੂਪ** ( **Concept and Nature of Teaching**): ਇਕ ਸਾਧਾਰਨ ਮਨੁੱਖ ਅਨੁਸਾਰ, ਅਧਿਆਪਨ ਦਾ ਕਾਰਜ ਸ਼੍ਰੇਣੀ ਵਿੱਚ ਸਿਖਿਆਰਥੀ ਨੂੰ ਹਦਾਇਤ ਦੇਣਾ ਹੁੰਦਾ ਹੈ। ਜੇ ਅਸੀਂ ਰਵਾਇਤੀ ਸ਼੍ਰੇਣੀ ਕਮਰੇ ਦੇ ਅਧਿਆਪਨ ਨੂੰ ਦੇਖੀਏ ਤਾਂ ਅਸੀਂ ਦੇਖਦੇ ਹਾਂ ਕਿ ਜਾਂ ਤਾਂ ਅਧਿਆਪਕ ਵਿਦਿਆਰਥੀਆਂ ਨੂੰ ਸੂਚਨਾ ਦੇ ਰਿਹਾ ਹੁੰਦਾ ਹੈ ਜਾਂ ਵਿਦਿਆਰਥੀਆਂ ਵਿਚੋਂ ਇਕ ਵਿਦਿਆਰਥੀ ਪਾਠ ਪੁਸਤਕ ਤੋਂ ਪੜ੍ਹ ਰਿਹਾ ਹੁੰਦਾ ਹੈ। ਜਦੋਂ ਕਿ ਦੂਜੇ ਵਿਦਿਆਰਥੀ ਚੁੱਪਚਾਪ ਆਪਣੀਆਂ ਪਾਠ ਪੁਸਤਕਾਂ ਖੋਲ੍ਹੀ ਉਸ ਨੂੰ ਸੁਣ ਰਹੇ ਹੁੰਦੇ ਹਨ। ਅਧਿਆਪਨ ਦਾ ਇਹ ਰਵਾਇਤੀ ਵਿਚਾਰ ਆਧੁਨਿਕ ਸਿੱਖਿਆ ਸ਼ਾਸਤਰੀਆਂ ਨੂੰ ਸਵੀਕਾਰ ਨਹੀਂ ਹੈ ਕਿਉਂਕਿ ਅਧਿਆਪਨ ਵਿੱਚ ਉਹਨਾਂ ਦੀਆਂ ਖੋਜਾਂ, ਸਿੱਖਣ ਅਤੇ ਅਧਿਆਪਨ ਦੇ ਮਨੋਵਿਗਿਆਨਕ ਸਿਧਾਂਤਾਂ ਉਪਰ ਆਧਾਰਤ ਹੁੰਦੀਆਂ ਹਨ ਅਤੇ ਇਹ ਖੋਜਾਂ ਪੁਰਾਣੇ ਨੂੰ ਅਰਥਹੀਣ ਮੰਨਦੀਆਂ ਹਨ। ਇੰਜ ਵਰਤਮਾਨ ਸਮੇਂ ਦੇ ਸਿੱਖਿਆ ਸ਼ਾਸਤਰੀ ਅਧਿਆਪਨ ਦੇ ਪੁਰਾਤਨ ਵਿਚਾਰ ਦਾ ਪੂਰਨ ਰੂਪ ਵਿੱਚ ਖੰਡਨ ਕਰਦੇ ਹਨ।

ਜਦੋਂ ਅਧਿਆਪਨ ਨੂੰ ਸੂਚਨਾ ਅਤੇ ਗਿਆਨ ਪ੍ਰਦਾਨ ਕਰਨ ਦੇ ਤੌਰ ਤੇ ਲਿਆ ਜਾਂਦਾ ਹੈ ਤਾਂ ਇਹ ਬੱਚੇ ਅਤੇ ਅਧਿਆਪਕ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ ਅਤੇ ਇਸ ਪੱਖ ਉਪਰ ਅੱਜ-ਕਲ੍ਹ ਸਾਡੇ ਸਕੂਲਾਂ ਵਿੱਚ ਵੱਧ ਜ਼ੋਰ ਦਿੱਤਾ ਗਿਆ ਹੈ। ਅੱਜ ਕਲ੍ਹ ਅਧਿਆਪਨ ਦਾ ਕੰਮ ਕੇਵਲ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰਨਾ ਜਾਂ ਉਹਨਾਂ ਨੂੰ ਕੇਵਲ ਕਿਸੇ ਕਿਸਮ ਦੀ ਸਲਾਹ ਦੇਣਾ ਨਹੀਂ ਹੈ। ਕੁਝ ਲੋਕ ਸੋਚਦੇ ਹਨ ਕਿ ਅਧਿਆਪਨ ਦਾ ਅਰਥ ਦੂਸਰਿਆਂ ਨੂੰ ਆਪਣੇ ਅਨੁਭਵਾਂ ਬਾਰੇ ਦੱਸਣਾ ਹੈ ਪਰ ਇਸ ਪ੍ਰਕ੍ਰਿਆ ਦੀ ਪੂਰਨ ਤਸਵੀਰ ਪੇਸ਼ ਨਹੀਂ ਕਰਦਾ। ਗਿਆਨ ਪ੍ਰਦਾਨ ਕਰਦੇ ਹੋਏ ਇਕ ਅਧਿਆਪਕ ਨੂੰ ਆਪਣੇ ਮਨ ਅੰਦਰ ਬੱਚੇ ਅਤੇ ਵਿਸ਼ਾ ਸਮਗਰੀ ਦਾ ਕਰਮਵਾਰ ਪ੍ਰਸਤੁਤੀਕਰਨ ਰੱਖਣਾ ਚਾਹੀਦਾ ਹੈ। ਐਸ.ਐਸ. ਚੌਹਾਨ ਦੱਸਦਾ ਹੈ, 'ਬਦਲੇ ਹੋਏ ਸੰਕਲਪ ਅਨੁਸਾਰ ਅਧਿਆਪਨ ਦਾ ਕੰਮ ਬੱਚੇ ਨੂੰ ਸਿੱਖਣ ਲਈ ਉਕਸਾਉਣਾ ਅਤੇ ਇੱਛਤ ਗਿਆਨ ਹੁਨਰ ਅਤੇ ਸਮਾਜ ਵਿੱਚ ਜੀਵਨ ਦੇ ਚੰਗੇ ਢੰਗਾਂ ਨੂੰ ਪ੍ਰਾਪਤ ਕਰਨਾ ਹੁੰਦਾ ਹੈ। ਅਧਿਆਪਨ ਦਾ ਮੁੱਖ ਮੰਤਵ ਬੱਚੇ ਦੀ ਮਦਦ ਕਰਨਾ ਹੈ, ਤਾਂ ਕਿ ਉਹ ਆਪਣੇ ਵਾਤਾਵਰਣ ਪ੍ਰਤੀ ਪ੍ਰਭਾਵਸ਼ਾਲੀ ਢੰਗ ਨਾਲ ਹੁੰਗਾਰਾ ਦੇ ਸਕੇ'।

**1.1.3.1ਅਧਿਆਪਨ ਦੀਆਂ ਪਰਿਭਾਸ਼ਾਵਾਂ : (Definitions of Teaching)**:

ਬਰਟਨ ਨੇ ਅਧਿਆਪਨ ਦੀ ਢੁੱਕਵੀ ਅਤੇ ਵਿਸ਼ਾਲ ਪਰਿਭਾਸ਼ਾ ਦਿੱਤੀ ਹੈ। ਉਸ ਅਨੁਸਾਰ, 'ਅਧਿਆਪਨ ਉਤੇਜਨਾ, ਅਗਵਾਈ, ਦਿਸ਼ਾ ਅਤੇ ਸਿੱਖਣ ਲਈ ਪ੍ਰੋਤਸਾਹਨ ਹੈ'। ਇਸ ਪਰਿਭਾਸ਼ਾ ਦੇ ਚਾਰ ਪੱਖ ਹਨ।

(1) **ਉਤੇਜਨਾ–** ਇਸ ਦਾ ਸੰਬੰਧ ਸਿੱਖਿਆਰਥੀ ਵਿੱਚ ਨਵੀਆਂ ਚੀਜ਼ਾਂ ਨੂੰ ਸਿੱਖਣ ਲਈ ਪ੍ਰੇਰਨਾ ਨਾਲ ਹੁੰਦਾ ਹੈ। ਇਹ ਸਿੱਖਣ ਲਈ ਇਕ ਪ੍ਰਵਿਰਤੀ ਨੂੰ ਪੈਦਾ ਕਰਦੀ ਹੈ। ਇਹ ਸਿਖਿਆਰਥੀ ਲਈ ਅਜਿਹੇ ਢੰਗ ਨਾਲ ਅਵਸਥਾ ਸਥਾਪਤ ਕਰਦੀ ਹੈ ਕਿ ਜਿਥੇ ਉਹ ਸਭ ਕੁਝ ਸਿੱਖਣ ਲਈ ਉਤੇਜਿਤ ਹੋਵੇਗਾ ਜੋ ਕੁਝ ਉਹ ਸਿੱਖਣਾ ਚਾਹੁੰਦਾ ਹੈ।

(2) **ਅਗਵਾਈ–** ਅਗਵਾਈ ਦਾ ਭਾਵ ਸਿਖਿਆਰਥੀ ਦੀ ਅਗਵਾਈ ਕਰਨਾ ਹੈ, ਤਾਂ ਕਿ ਉਹ ਵੱਧ ਤੋਂ ਵੱਧ ਆਪਣੀਆਂ ਯੋਗਤਾਵਾਂ, ਹੁਨਰਾਂ, ਰਵੱਈਆ ਅਤੇ ਗਿਆਨ ਨੂੰ ਵਿਕਸਤ ਕਰ ਸਕੇ ਤਾਂ ਕਿ ਉਹ ਬਾਹਰੀ ਵਾਤਾਵਰਣ ਵਿੱਚ ਉਚਿਤ ਢੰਗ ਨਾਲ ਸਮਾਯੋਜਿਤ ਹੋ ਸਕੇ।

ਅਗਵਾਈ ਇਕ ਸਹਿਯੋਗੀ ਉਦਮ ਹੁੰਦਾ ਹੈ।

(3) **ਦਿਸ਼ਾ**– ਦਿਸ਼ਾ ਦਾ ਅਰਥ ਹੈ ਕਿ ਅਧਿਆਪਨ ਦਿਸ਼ਾਵਾਨ ਕਿਰਿਆ ਹੈ ਜੋ ਪੂਰਵ ਨਿਰਧਾਰਤ ਵਿਵਹਾਰ ਨੂੰ ਅਗੇ ਲਿਜਾਂਦੀ ਹੈ। ਇਸ ਦਾ ਅਰਥ ਇਹ ਵੀ ਹੈ ਕਿ ਅਧਿਆਪਨ ਵਿੱਚ ਸਿਖਿਆਰਥੀ ਦੀਆਂ ਕਿਰਿਆਵਾਂ ਦਿਸ਼ਾਵਾਨ ਹੁੰਦੀਆਂ ਹਨ, ਜੋ ਸਮੇਂ ਦੀ ਆਰਥਿਕਤਾ ਅਤੇ ਸਿੱਖਣ ਦੀ ਕੁਸ਼ਲਤਾ ਦੇ ਸਬੰਧ ਵਿੱਚ ਕਾਬੂ ਅਧੀਨ ਹੁੰਦੀਆਂ ਹਨ।

(4) **ਸਿੱਖਣ ਲਈ ਉਤਸ਼ਾਹ**– ਇਸ ਦਾ ਭਾਵ ਸਿਖਿਆਰਥੀ ਨੂੰ ਉਤਸਾਹਿਤ ਅਤੇ ਪ੍ਰੇਰਿਤ ਕਰਨਾ ਹੁੰਦਾ ਹੈ ਤਾਂ ਕਿ ਉਹ ਵੱਧ ਤੋਂ ਵੱਧ ਸਿੱਖਿਆ ਪ੍ਰਾਪਤ ਕਰ ਸਕੇ।

ਐਸ.ਐਸ. ਚੌਹਾਨ ਨੇ ਅਧਿਆਪਨ ਦੀਆਂ ਕੁਝ ਵਿਆਖਿਆਵਾਂ ਇੰਝ ਕੀਤੀਆਂ ਹਨ :

(1) ਅਧਿਆਪਨ ਉਹਨਾਂ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਸੰਚਾਰ ਹੈ ਜੋ ਆਪਣੇ ਵਿਚਾਰਾਂ ਰਾਹੀਂ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਆਪਸੀ ਮੇਲ ਪ੍ਰਕਿਰਿਆ ਵਿਚੋਂ ਕੁਝ ਸਿਖਦੇ ਹਨ।

(2) ਅਧਿਆਪਨ ਦਾ ਕੰਮ ਸਿਖਿਆਰਥੀ ਦੇ ਮਨ ਅੰਦਰ ਤੱਥਾਂ ਦੀ ਸੂਚਨਾ ਦਾ ਗਿਆਨ ਭਰਨਾ ਹੈ ਜਿਨ੍ਹਾਂ ਦੀ ਉਹ ਭਵਿੱਖ ਵਿੱਚ ਵਰਤੋਂ ਕਰ ਸਕੇ।

(3) ਅਧਿਆਪਨ ਇਕ ਉਹ ਪ੍ਰਕਿਰਿਆ ਹੈ ਜਿਸ ਵਿੱਚ ਸਿਖਿਆਰਥੀ, ਅਧਿਆਪਕ, ਪਾਠ ਕ੍ਰਮ ਅਤੇ ਦੂਜੇ ਬਦਲਾਵ (Variables) ਇਕ ਸਿਲਸਿਲੇਵਾਰ ਢੰਗ ਨਾਲ ਸੰਗਠਿਤ ਹੁੰਦੇ ਹਨ ਤਾਂ ਕਿ ਪੂਰਵ ਨਿਰਧਾਰਤ ਉਦੇਸ਼ਾਂ ਦੀ ਪੂਰਤੀ ਹੋ ਸਕੇ।

(4) ਅਧਿਆਪਨ ਦਾ ਕੰਮ ਸਿੱਖਣ ਲਈ ਪ੍ਰੇਰਨਾ ਨੂੰ ਪੈਦਾ ਕਰਨਾ ਹੈ।

**ਬੀ.ਓ. ਸਮਿੱਥ (1961)** ਅਧਿਆਪਨ ਦੀ ਪਰਿਭਾਸ਼ਾ 'ਸਿੱਖਣ ਨੂੰ ਪੈਦਾ ਕਰਨ ਲਈ ਸੋਚੇ ਸਮਝੇ ਕਾਰਜਾਂ ਦੀ ਇਕ ਪ੍ਰਣਾਲੀ' ਦੇ ਤੌਰ ਤੇ ਤਜਵੀਜ਼ ਕਰਦਾ ਹੈ। ਉਸ ਅਨੁਸਾਰ, ਸਿੱਖਣਾ ਜ਼ਰੂਰੀ ਤੌਰ ਤੇ ਅਧਿਆਪਨ ਤੋਂ ਹੀ ਪੈਦਾ ਨਹੀਂ ਹੁੰਦਾ। ਅਧਿਆਪਨ ਇਕ ਅਲੱਗ ਚੀਜ਼ ਹੈ ਅਤੇ ਸਿੱਖਣਾ ਦੂਜੀ ਚੀਜ਼। ਦੂਜੇ ਪਾਸੇ ਕਲਾਰਕ ਨੇ ਅਧਿਆਪਨ ਕਿਰਿਆਵਾਂ ਦੀ ਪਰਿਭਾਸ਼ਾ ਦਿੱਤੀ ਹੈ ਕਿ ਇਹ ਉਹ ਕਿਰਿਆਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਵਿਦਿਆਰਥੀਆਂ ਦੇ ਵਿਵਹਾਰ ਵਿੱਚ ਤਬਦੀਲੀ ਲਿਆਉਣ ਲਈ ਘੜਿਆ ਜਾਂਦਾ ਹੈ। **ਬੀ.ਐਸ. ਬਲੂਮ (1956)** ਦੱਸਦਾ ਹੈ ਕਿ ਅਧਿਆਪਨ ਕਿਰਿਆਵਾਂ ਜਿਵੇਂ ਲੈਕਚਰ, ਪ੍ਰਸ਼ਨ-ਉਤਰ, ਵਾਦ-ਵਿਵਾਦ, ਖੋਜ, ਘਰ ਦੇ ਕੰਮ ਦਾ ਮੰਤਵ, ਗਿਆਨ ਸੰਬੰਧੀ ਅਤੇ ਮਹਿਸੂਸ ਕਰਨ ਸੰਬੰਧੀ ਅਤੇ ਮਨੋ-ਸਰੀਰਕ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਹੁੰਦਾ ਹੈ। **ਐਨ.ਐਲ.ਗੇਗ (1969)** ਮੰਨਦਾ ਹੈ ਕਿ ਅਧਿਆਪਨ ਤੇ ਸਿੱਖਣ ਦੀ ਪ੍ਰਕਿਰਿਆ ਨੂੰ ਜ਼ਰੂਰ ਹੀ ਇਕ ਦੂਜੇ ਦੇ ਅਨੁਕੂਲ ਹੋਣਾ ਚਾਹੀਦਾ ਹੈ ਅਤੇ ਸਾਨੂੰ ਅਧਿਆਪਨ ਸਿੱਖਣ ਨੂੰ ਇਕ ਪ੍ਰਭਾਵਸ਼ਾਲੀ ਸਿੱਖਣ ਦੀ ਪ੍ਰਕਿਰਿਆ ਦੇ ਤੌਰ ਤੇ ਲੈਣਾ ਚਾਹੀਦਾ ਹੈ। ਉਨੀਂ ਦੇਰ ਤੱਕ ਗਿਆਨ ਨਹੀਂ ਪ੍ਰਦਾਨ ਕੀਤਾ ਜਾਵੇਗਾ ਜਿੰਨੀ ਦੇਰ ਤਕ ਵਿਦਿਆਰਥੀ ਉਸ ਨੂੰ ਪ੍ਰਾਪਤ ਕਰਨ ਲਈ ਨਹੀਂ ਹੁੰਦੇ। ਦੂਜੇ ਸ਼ਬਦਾਂ ਵਿੱਚ, ਜੇ ਸਿੱਖਣ ਨਹੀਂ ਹੈ ਤਾਂ ਕੋਈ ਅਧਿਆਪਨ ਨਹੀਂ ਹੋ ਸਕਦਾ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਅਧਿਆਪਨ ਸਿੱਖਣ ਨੂੰ ਪੈਦਾ ਕਰਦਾ ਹੈ। ਇਹ ਬੱਚੇ ਦੀ ਸਿੱਖਣ ਵਿੱਚ ਅਤੇ ਆਪਣੇ ਵਾਤਾਵਰਨ ਨਾਲ ਸੰਬੰਧ ਸਥਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਹ ਪਰਿਭਾਸ਼ਾਵਾਂ ਸੰਕੇਤ ਦਿੰਦੀਆਂ ਹਨ ਕਿ ਸਿੱਖਣਾ ਅਧਿਆਪਨ ਲਈ ਜ਼ਰੂਰੀ ਹੈ। ਪ੍ਰਭਾਵਸ਼ਾਲੀ ਅਧਿਆਪਨ ਲਈ ਸਿੱਖਣ ਦੇ ਸੰਕਲਪਾਂ ਨੂੰ ਲਿਆ ਜਾਣਾ ਚਾਹੀਦਾ ਹੈ। ਥੋਮਸ ਗ੍ਰੀਨ ਨੇ ਆਪਣੀ ਪੁਸਤਕ 'ਐਕਟੀਵੀਟੀਜ਼ ਆਫ ਟੀਚਿੰਗ' ਵਿੱਚ ਅਧਿਆਪਨ ਸੰਬੰਧੀ ਭਿੰਨ ਵਿਚਾਰ ਦਿੱਤੇ ਹਨ। ਉਹ ਲਿਖਦਾ ਹੈ, ਕਿ ਅਧਿਆਪਨ ਤੋ ਬਗੈਰ ਕੋਈ ਸਿੱਖਣਾ ਨਹੀਂ ਹੋ ਸਕਦਾ ਪ੍ਰੰਤੂ ਸਿੱਖਣ ਤੋਂ ਬਗੈਰ ਅਧਿਆਪਨ ਹੋ ਸਕਦਾ ਹੈ। ਉਹ ਅੱਗੇ ਲਿਖਦਾ ਹੈ, 'ਅਧਿਆਪਕ ਅਧਿਆਪਨ ਨੂੰ ਪੈਦਾ ਕਰਨ ਲਈ ਨਮੂਨਾ ਦਿੰਦਾ ਹੈ ਪ੍ਰੰਤੂ ਹਰੇਕ ਵਿਦਿਆਰਥੀ ਸਿੱਖਣ ਦੇ ਕਾਬਲ ਨਹੀਂ ਹੁੰਦਾ। ਦੂਜੇ ਪਾਸੇ, ਸਿੱਖਣ ਹਾਲਾਤਾਂ ਤੇ ਕਿਰਿਆਵਾਂ ਰਾਹੀਂ ਵਿਵਹਾਰ

ਵਿਚ ਤਬਦੀਲ ਹੁੰਦੀ ਹੈ। ਅਧਿਆਪਨ ਦਾ ਮੰਤਵ ਅਜਿਹੀਆਂ ਉੱਚਿਤ ਹਾਲਤਾਂ ਨੂੰ ਪੈਦਾ ਕਰਨਾ ਹੈ ਜੋ ਵਿਸ਼ਾਲ ਅਰਥ ਵਿਚ ਸਿੱਖਣ ਨੂੰ ਸਰਲ ਬਣਾਉਣ। ਇੰਜ ਅਧਿਆਪਨ ਤੋਂ ਬਿਨਾਂ ਕੁਝ ਵੀ ਸਿੱਖਣਾ ਸੰਭਵ ਨਹੀ ਅਤੇ ਸਾਰਾ ਅਧਿਆਪਨ ਸਿੱਖਣ ਦੇ ਸਿੱਟੇ ਵਜੋਂ ਹੀ ਨਹੀਂ ਹੋ ਸਕਦਾ।

### 1.1.3.2ਅਧਿਆਪਨ ਬਾਰੇ ਭਿੰਨ ਭਿੰਨ ਵਿਚਾਰ (Different Views about Teaching)

ਅਧਿਆਪਨ ਦੇ ਸੁਭਾਅ ਨੂੰ ਸਮਝਣ ਦਾ ਸਭ ਤੋਂ ਵਧੀਆ ਢੰਗ ਸਿੱਖਿਆ ਦੇ ਸੰਕੇਤ-ਭਾਵਾਂ ਨੂੰ ਸਮਝਣ ਰਾਹੀਂ ਹੋਵੇਗਾ। ਅਧਿਆਪਕ, ਸਿਖਿਆਰਥੀ ਅਤੇ ਵਿਸ਼ਾ ਵਸਤੂ ਸਿੱਖਿਆ ਵਿੱਚ ਤਿੰਨ ਮੁੱਖ ਤੱਤ ਹਨ। ਅਧਿਆਪਨ ਰਾਹੀਂ ਹੀ ਅਧਿਆਪਕ ਇਹਨਾਂ ਤਿੰਨਾਂ ਵਿਚਕਾਰ ਇਕਸਾਰਤਾ ਦਾ ਸਬੰਧ ਪੈਦਾ ਕਰਦਾ ਹੈ। ਅਧਿਆਪਕ ਨੂੰ ਖੁਦ ਆਪਣੇ ਆਪ ਨੂੰ, ਆਪਣੇ ਸਿਖਿਆਰਥੀ ਨੂੰ ਅਤੇ ਆਪਣੇ ਵਿਸ਼ੇ ਨੂੰ ਜਾਣਨਾ ਚਾਹੀਦਾ ਹੈ। ਉਸਨੂੰ ਵਿਦਿਆਰਥੀਆਂ ਵਿਚਕਾਰ ਵਿਅਕਤੀਗਤ ਅੰਤਰਾਂ ਦੀਆਂ ਯੋਗਤਾਵਾਂ ਅਤੇ ਸੀਮਾਵਾਂ ਦਾ ਪਤਾ ਹੋਣਾ ਚਾਹੀਦਾ ਹੈ।

**ਅਧਿਆਪਨ ਦਾ ਅਰਥ ਬੱਚੇ ਦਾ ਆਪਣੇ ਵਾਤਾਵਰਣ ਪ੍ਰਤੀ ਪ੍ਰਭਾਵਸ਼ਾਲੀ ਢੰਗ ਨਾਲ ਹੁੰਗਾਰਾ ਦੇਣ ਵਿੱਚ ਮਦਦ ਕਰਨਾ ਹੈ।** ਦੂਜੇ ਸ਼ਬਦਾਂ ਵਿਚ, ਆਪਣੇ ਆਪ ਨੂੰ ਵਾਤਾਵਰਨ ਦੇ ਅਨੁਕੂਲ ਬਣਾਉਣਾ ਹੈ ਜਿਹੜਾ ਲਗਾਤਾਰ ਬਦਲ ਰਿਹਾ ਹੁੰਦਾ ਹੈ। ਅਜਿਹਾ ਉਸਨੂੰ ਗਿਆਨ ਦੇਣ ਨਾਲ ਹੀ ਸੰਭਵ ਹੋ ਸਕਦਾ ਹੈ ਜਿਸ ਨਾਲ ਉਸਦਾ ਰਵੱਈਆ ਬਦਲੇਗਾ ਅਤੇ ਉਹ ਆਪਣੇ ਹੁਨਰਾਂ ਵਿੱਚ ਹੋਰ ਮਜਬੂਤੀ ਲਿਆ ਸਕੇਗਾ। ਕਦੇ ਕਦੇ ਅਸੀਂ ਉਸਨੂੰ ਅਜਿਹੀ ਕਿਸਮ ਦਾ ਵਾਤਾਵਰਣ ਪ੍ਰਦਾਨ ਕਰਦੇ ਹਾਂ ਜੋ ਉਸਦੇ ਸਮਾਜੀ ਵਿਕਾਸ ਲਈ ਢੁੱਕਵਾਂ ਹੁੰਦਾ ਹੈ ਅਤੇ ਜਿਸ ਰਾਹੀਂ ਉਹ ਇਕ ਲਾਹੇਵੰਦ ਅਤੇ ਬਿਹਤਰ ਜੀਵਨ ਜੀਉਂਦਾ ਹੈ। ਯੋਕਮ ਅਤੇ ਸਿੰਪਸਨ ਨੇ ਠੀਕ ਹੀ ਕਿਹਾ ਹੈ ਕਿ ਅਧਿਆਪਨ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਸਮਾਜ ਇਕ ਚੁਣੇ ਹੋਏ ਵਾਤਾਵਰਣ ਵਿਚ ਨੌਜਵਾਨਾਂ ਨੂੰ ਸਿਖਲਾਈ ਦਿੰਦਾ ਹੈ, ਜਿਸ ਨਾਲ ਜਲਦੀ ਹੀ ਉਹ ਆਪਣੇ ਆਪ ਨੂੰ ਉਸ ਸੰਸਾਰ ਦੇ ਅਨੁਕੂਲ ਬਣਾ ਲੈਂਦੇ ਹਨ ਜਿਸ ਵਿਚ ਉਹ ਰਹਿੰਦੇ ਹਨ।

ਇਕ ਹੋਰ ਵਿਚਾਰ ਇਹ ਹੈ ਕਿ ਅਧਿਆਪਕ ਅਗਵਾਈ ਦਾ ਕੰਮ ਕਰਦਾ ਹੈ। ਬੱਚਿਆਂ ਨੂੰ ਜ਼ਰੂਰ ਹੀ ਠੀਕ ਸਮੇਂ ਉਤੇ ਠੀਕ ਢੰਗ ਨਾਲ ਠੀਕ ਗੱਲਾਂ ਸਿੱਖਣੀਆਂ ਚਾਹੀਦੀਆਂ ਹਨ। ਅਗਵਾਈ ਰਾਹੀਂ ਹੀ ਸਿਖਿਆਰਥੀ ਉਚਿੱਤ ਰਵੱਈਏ, ਆਦਤਾਂ ਅਤੇ ਉਚਿੱਤ ਗਿਆਨ ਅਤੇ ਆਲੋਚਨਾਤਮਕ ਚਿੰਤਨ ਦੀਆਂ ਵਿਧੀਆਂ ਅਤੇ ਮੁਲਾਂਕਣ ਪ੍ਰਾਪਤ ਕਰੇਗਾ। ਪਿੰਨਸੈਂਟ ਅਨੁਸਾਰ, 'ਇਹ ਅਗਵਾਈ ਹੀ ਹੈ ਜੋ ਪ੍ਰਭਾਵਸ਼ਾਲੀ ਬੌਧਿਕ ਅਤੇ ਉਤੇਜਕ ਅਧਿਆਪਨ ਨੂੰ ਕੇਵਲ ਆਮ ਸਿੱਖਿਆ ਤੋਂ ਭਿੰਨ ਕਰਦੀ ਹੈ'।

**ਰਾਈਬਰਨ ਅਨੁਸਾਰ,** ਅਧਿਆਪਨ ਵਿਚ ਬੱਚੇ ਦੇ ਸੰਵੇਗਾਂ ਦੀ ਸਿਖਲਾਈ ਵੀ ਸ਼ਾਮਲ ਹੈ। ਅਸੀਂ ਆਮ ਕਰਕੇ ਸਿੱਖਿਆ ਦੇ ਬੌਧਿਕ ਅਤੇ ਗਿਆਨਾਤਮਕ ਪੱਖ ਉਪਰ ਵਧੇਰੇ ਜ਼ੋਰ ਦਿੰਦੇ ਹਾਂ ਅਤੇ ਮਹਿਸੂਸ ਕਰਨ ਦੇ ਪੱਖ ਨੂੰ ਨਜ਼ਰਅੰਦਾਜ਼ ਕਰ ਜਾਂਦੇ ਹਾਂ ਪਰੰਤੂ ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚਿਆਂ ਨੂੰ ਸਹੀ ਗੱਲ ਕਰਨੀ ਚਾਹੀਦੀ ਹੈ ਤਾਂ ਉਹਨਾਂ ਦੀਆਂ ਭਾਵਨਾਵਾਂ ਵੀ ਸਹੀ ਹੋਣੀਆਂ ਚਾਹੀਦੀਆਂ ਹਨ। ਅਧਿਆਪਨ ਬੱਚਿਆਂ ਨੂੰ ਉਚਿਤ ਭਾਵਨਾਵਾਂ ਦੇਣ ਦਾ ਹੀ ਦੂਜਾ ਨਾਂ ਹੈ। ਆਪਣੀਆਂ ਭਾਵਨਾਵਾਂ ਦੇ ਉਚਿੱਤ ਨਿਕਾਸ ਲਈ ਬੱਚਿਆਂ ਨੂੰ ਖੇਡ, ਡਰਾਮਾ, ਪੇਂਟਿੰਗ ਅਤੇ ਡਰਾਇੰਗ ਆਦਿ ਕਰਨ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ।

ਮਰਸ਼ੇਲ ਆਪਣੀ ਪ੍ਰਸਿੱਧ ਪੁਸਤਕ 'ਸੱਕਸੈਸਫੁੱਲ ਟੀਚਿੰਗ' ਵਿੱਚ ਲਿਖਦਾ ਹੈ ਕਿ ਅਧਿਆਪਨ ਸਿੱਖਣ ਦਾ ਸੰਗਠਨ ਹੈ, ਭਾਵ ਹਾਲਾਤ ਦੇ ਸਾਰੇ ਵੱਖ ਵੱਖ ਤੱਤਾਂ ਵਿਚਕਾਰ ਸੰਬੰਧ ਸਥਾਪਿਤ ਕਰਨਾ ਅਤੇ ਉਹਨਾਂ ਵਿਚੋਂ ਸੁਬੋਧ-ਸਮੁੱਚਤਾ ਨੂੰ ਬਣਾਉਣ ਲਈ ਅਧਿਆਪਕ ਅਤੇ ਸਿਖਿਆਰਥੀ ਦੀਆਂ ਭਿੰਨ ਭਿੰਨ ਕਿਰਿਆਵਾਂ ਵਿਚਕਾਰ ਇਕਸੁਰਤਾ ਪੈਦਾ ਕਰਨੀ ਹੋਵੇਗੀ। ਇਹਨਾਂ ਕਿਰਿਆਵਾਂ ਵਿੱਚ ਸਿਖਿਆਰਥੀ ਵਿਅਕਤੀਗਤ ਅੰਤਰ, ਅਧਿਆਪਨ ਵਿਧੀਆਂ, ਪੜ੍ਹਾਉਣ ਦੀ ਸਮੱਗਰੀ, ਸ਼੍ਰੇਣੀ ਦਾ ਵਾਤਾਵਰਨ, ਅਧਿਆਪਨ ਜੁਗਤਾਂ, ਸਹਾਇਕ ਸਮੱਗਰੀ ਆਦਿ ਸ਼ਾਮਲ ਹਨ।

### 1.1.3.3. ਅਧਿਆਪਨ ਦੀਆਂ ਵਿਸ਼ੇਸ਼ਤਾਵਾਂ (Characteristics of Teaching)

ਹੇਠ ਲਿਖੇ ਮੁੱਦੇ ਅਧਿਆਪਨ ਦੀਆਂ ਵਿਸ਼ੇਸ਼ਤਾਵਾਂ ਦਰਸ਼ਾਉਂਦੇ ਹਨ :

(1) ਅਧਿਆਪਨ ਬਾਹਰ ਕੱਢਣ ਦਾ ਇੱਕ ਮਸਲਾ ਹੈ ਨਾ ਕਿ ਬਾਹਰੋਂ ਕੁਝ ਅੰਦਰ ਪਾਉਣ ਦਾ ਮਸਲਾ।

(2) ਅਧਿਆਪਨ ਨੇ ਇੱਕ ਬੱਚੇ ਦੀ ਮੱਦਦ ਕਰਨੀ ਹੁੰਦੀ ਹੈ ਤਾਂ ਕਿ ਉਹ ਆਪਣੇ ਵਾਤਾਵਰਣ ਵਿੱਚ ਆਪਣੇ ਆਪ ਨੂੰ ਪ੍ਰਭਾਵਿਤ ਤਰੀਕੇ ਨਾਲ ਸਮਾਯੋਜਨ ਕਰ ਸਕੇ।

(3) ਅਧਿਆਪਨ, ਸਿੱਖਣ ਨੂੰ ਸੌਖਾ ਅਤੇ ਉੰਨਤ ਕਰਦਾ ਹੈ।

(4) ਅਧਿਆਪਨ ਬੱਚੇ ਦੀ ਭਾਵੁਕ ਸਥਿਰਤਾ ਦੇ ਵਿਕਾਸ ਵਿੱਚ ਮੱਦਦ ਕਰਦਾ ਹੈ।

(5) ਅਧਿਆਪਨ ਬੱਚੇ ਨੂੰ ਜ਼ਿੰਦਗੀ ਜਿਊਣ ਲਈ ਤਿਆਰ ਕਰਦਾ ਹੈ।

(6) ਚੰਗਾ ਅਧਿਆਪਨ ਅਗਵਾਈ ਦਿੰਦਾ ਹੈ।

(7) ਅਧਿਆਪਨ ਤ੍ਰੈ-ਪੱਖੀ ਕਿਰਿਆ ਹੈ ਜਿਸ ਵਿੱਚ ਸ਼ਾਮਿਲ ਹਨ – ਅਧਿਆਪਕ, ਵਿਦਿਆਰਥੀ ਅਤੇ ਵਿਸ਼ਾ-ਵਸਤੂ।

(8) ਅਧਿਆਪਨ ਇੱਕ ਪ੍ਰਸਪਰ-ਪ੍ਰਭਾਵਸ਼ਾਲੀ ਪ੍ਰਣਾਲੀ ਹੈ। ਇਸ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਵਿਚਕਾਰ ਪਰਸਪਰ ਪ੍ਰਭਾਵ ਹੁੰਦਾ ਹੈ।

(9) ਅਧਿਆਪਨ ਦਿਆਪੂਰਨ ਅਤੇ ਕੋਮਲ ਚਿੱਤ ਹੈ।

(10) ਅਧਿਆਪਨ ਰਚਨਾਤਮਕ ਅਤੇ ਮਨੋਰੰਜਕ ਸਾਧਨ ਹੈ।

(11) ਵਧੀਆ ਅਧਿਆਪਨ ਯੋਜਨਾਬੱਧ ਅਤੇ ਸਹੀ ਢੰਗ ਵਾਲਾ ਹੁੰਦਾ ਹੈ।

### 1.1.4. ਸਿੱਖਣ ਦੇ ਸਿਧਾਂਤਾਂ ਉਪਰ ਨਿਰਭਰ ਅਧਿਆਪਨ ਦੇ ਸਿਧਾਂਤ (Teaching Principles based on Learning Principles)

ਚੰਗਾ ਅਧਿਆਪਨ ਕੁਝ ਬੁਨਿਆਦੀ ਸਿਧਾਂਤਾਂ ਦੇ ਨਿਰੀਖਣ ਦੁਆਰਾ ਵਿਸ਼ੇਸ਼ਗਤ ਹੁੰਦਾ ਹੈ। ਇਕ ਕਲਾਕਾਰ ਵਾਂਗ ਅਧਿਆਪਕ ਨੂੰ ਵੀ ਉਹਨਾਂ ਨਿਯਮਾਂ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ ਜਿਹੜੇ ਉਸਦੇ ਕਿੱਤੇ ਵਿਚ ਮੁਹਾਰਤ ਪ੍ਰਾਪਤ ਕਰਨ ਲਈ ਉਸ ਦੀ ਮਦਦ ਕਰਦੇ ਹੋਣ। ਅਧਿਆਪਨ ਦੇ ਅਜਿਹੇ ਨਿਯਮ ਜ਼ਿਆਦਾ ਕਰਕੇ ਸਿੱਖਣ ਦੇ ਨਿਯਮਾਂ ਉਪਰ ਆਧਾਰਿਤ ਹਨ। ਯੋਕਮ ਅਤੇ ਸਿੰਪਸਨ ਅਨੁਸਾਰ ਹੇਠ ਲਿਖੇ ਅਧਿਆਪਨ ਦੇ ਕੁਝ ਅਜਿਹੇ ਨਿਯਮ ਹਨ ਜੋ ਸਿੱਖਣ ਦੇ ਨਿਯਮਾਂ ਉਪਰ ਆਧਾਰਿਤ ਹਨ:–

**1. ਚੰਗੇ ਅਧਿਆਪਨ ਵਿੱਚ ਸਿੱਖਣ ਦੀ ਅਗਵਾਈ ਦੇ ਹੁਨਰ ਸ਼ਾਮਿਲ ਹੁੰਦੇ ਹਨ(Good Teaching involves skills in guiding learning)**

ਅਧਿਆਪਨ ਕੇਵਲ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰਨ ਦੀ ਇੱਕ ਪ੍ਰਕਿਰਿਆ ਨਹੀ ਅਤੇ ਨਾ ਹੀ ਉਹਨਾਂ ਅੰਦਰ ਅਣਇੱਛਤ ਪ੍ਰਵਿਰਤੀਆਂ ਨੂੰ ਦਬਾਉਣ ਦੀ ਪ੍ਰਕਿਰਿਆ ਹੀ ਹੈ। ਚੰਗਾ ਅਧਿਆਪਨ ਮੁੱਖ ਰੂਪ ਵਿਚ ਵਿਦਿਆਰਥੀਆਂ ਦੀ ਅਗਵਾਈ ਕਰਨ ਅਤੇ ਦਿਸ਼ਾ ਪ੍ਰਦਾਨ ਕਰਨ ਵਿਚ ਸਹਾਈ ਹੁੰਦਾ ਹੈ ਅਤੇ ਸਿੱਖਣ ਵਿਚ ਉਹਨਾਂ ਨੂੰ ਉਤਸ਼ਾਹਿਤ ਕਰਨ ਵਿਚ ਸਹਾਈ ਹੁੰਦਾ ਹੈ। ਇਹ ਅਗਵਾਈ ਤਜਵੀਜ਼ ਰਾਹੀਂ ਹੁੰਦੀ ਹੈ ਨਾ ਕਿ ਹੁਕਮ ਰਾਹੀਂ। ਚੰਗਾ ਅਧਿਆਪਨ ਜਾਂਚ ਪੜਤਾਲ ਦੇ ਮੌਕੇ ਖੋਲਦਾ ਹੈ, ਇਹ ਨਵੀਆਂ ਸਮੱਗਰੀਆਂ ਨੂੰ ਪੈਦਾ ਕਰਦਾ ਹੈ, ਵਧੀਆਂ ਤਜਵੀਜ਼ ਕਰਦਾ ਹੈ ਅਤੇ ਵਿਅਕਤੀ ਦੀ ਆਪਣੀ ਪ੍ਰਗਤੀ ਨੂੰ ਜਾਂਚਣ ਵਿਚ ਮਦਦ ਕਰਦਾ ਹੈ।

**2. ਚੰਗਾ ਅਧਿਆਪਨ ਦਿਆਲੂ ਅਤੇ ਹਮਦਰਦੀਪੂਰਨ ਹੁੰਦਾ ਹੈ(Good Teaching is Kind and Sympathetic)**

ਚੰਗਾ ਅਧਿਆਪਨ ਉਸ ਹਾਲਤ ਵਿੱਚ ਨਹੀਂ ਹੋ ਸਕਦਾ ਜਿਸ ਵਿੱਚ ਦਿਆਲਤਾ ਅਤੇ ਹਮਦਰਦੀ ਦੀ ਘਾਟ ਹੋਵੇ। ਚੰਗਾ ਅਧਿਆਪਕ ਜਾਣਦਾ ਹੈ ਕਿ ਉਸ ਦੇ ਵਿਦਿਆਰਥੀ ਪਰਪੱਕ ਨਹੀਂ ਹਨ ਅਤੇ ਉਹਨਾਂ ਨੂੰ ਉਸ ਦੀ ਹਮਦਰਦੀ ਅਤੇ ਮਦਦ ਦੀ ਲੋੜ ਹੈ। ਇਸ ਲਈ ਉਹ ਸਕੂਲ ਦੇ ਵਾਤਾਵਰਨ ਨੂੰ ਵੀ ਘਰ ਜਿਹਾ

ਵਾਤਾਵਰਨ ਬਣਾ ਦਿੰਦਾ ਹੈ। ਉਹ ਜਾਣਦਾ ਹੈ ਕਿ ਬੱਚਿਆਂ ਲਈ ਖੇਡਣਾ ਵੀ ਜ਼ਰੂਰੀ ਹੈ ਅਤੇ ਕੰਮ ਕਰਨਾ ਵੀ। ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਵਿਅਕਤਿਤਵ ਬੱਚਿਆਂ ਨੂੰ ਪ੍ਰਭਾਵਿਤ ਕਰੇਗਾ। ਇਸ ਲਈ ਉਹ ਹਰੇਕ ਨੂੰ ਸਮਝਦਾ ਹੈ ਅਤੇ ਅਜਿਹੀ ਹਾਲਤ ਪੈਦਾ ਕਰਨ ਦਾ ਯਤਨ ਕਰਦਾ ਹੈ ਤਾਂ ਕਿ ਬੱਚੇ ਮਹਿਸੂਸ ਕਰਨ ਕਿ ਸਕੂਲ ਇਕ ਚੰਗੀ ਜਗ੍ਹਾ ਹੈ ਅਤੇ ਅਧਿਆਪਕ ਇਕ ਦਿਆਲੂ ਵਿਅਕਤੀ ਹੈ ਜੋ ਸਾਰੇ ਬੱਚਿਆਂ ਬਾਰੇ ਜਾਣਦਾ ਹੈ।

**3. ਚੰਗਾ ਅਧਿਆਪਨ ਯੋਜਨਾਬੱਧ ਹੁੰਦਾ ਹੈ (Good Teaching is well planned)**

ਚੰਗਾ ਅਧਿਆਪਕ ਆਪਣੀ ਸਮੱਸਿਆ ਬਾਰੇ ਅਗਾਊਂ ਹੀ ਸੋਚ ਚੁੱਕਾ ਹੁੰਦਾ ਹੈ। ਜੇ ਕੋਈ ਅਧਿਆਪਕ ਕਿਸੇ ਕਿਰਿਆ ਨੂੰ ਦਿਸ਼ਾ ਦੇ ਰਿਹਾ ਹੁੰਦਾ ਹੈ ਤਾਂ ਉਸ ਕਿਰਿਆ ਨਾਲ ਸੰਬੰਧਤ ਸਮਾਨਯ ਦ੍ਰਿਸ਼ਟੀ ਪਹਿਲਾਂ ਹੀ ਉਸ ਪਾਸ ਹੁੰਦੀ ਹੈ। ਘਟਨਾਵਾਂ ਦਾ ਕੰਮ ਅਤੇ ਸਿਲਸਿਲਾ ਸਪਸ਼ਟ ਰੂਪ ਵਿੱਚ ਉਸਦੇ ਮਨ ਅੰਦਰ ਹੁੰਦਾ ਹੈ। ਉਹ ਸਮੁੱਚੀ ਅਵਸਥਾ ਦੇ ਸਾਰੇ ਪਹਿਲੂਆਂ ਬਾਰੇ ਪੂਰੀ ਤਰ੍ਹਾਂ ਚੇਤੰਨ ਹੁੰਦਾ ਹੈ।ਉਸ ਦੀ ਯੋਜਨਾ ਕਾਫੀ ਹੱਦ ਤਕ ਲਚਕੀਲੀ ਹੁੰਦੀ ਹੈ ਤਾਂ ਕਿ ਲੋੜ ਪੈਣ ਤੇ ਇਸ ਨੂੰ ਬਦਲਿਆ ਵੀ ਜਾ ਸਕੇ।

**4. ਚੰਗਾ ਅਧਿਆਪਨ ਸਹਿਕਾਰੀ ਹੁੰਦਾ ਹੈ (Good Teaching is Co-operative)**

ਜੇ ਕੋਈ ਇਕ ਵਧੀਆ ਅਧਿਆਪਕ ਬਣਨਾ ਚਾਹੁੰਦਾ ਹੈ, ਉਹ ਇਹ ਜਾਣਦਾ ਹੈ ਕਿ ਅਧਿਆਪਨ, ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਸਹਿਯੋਗ ਜ਼ਰੂਰੀ ਹੁੰਦਾ ਹੈ। ਇਸ ਲਈ ਅਧਿਆਪਕ ਵਿਦਿਆਰਥੀ ਨੂੰ ਸੰਗਠਨ ਪ੍ਰਬੰਧ ਵਿੱਚ ਸਹਿਯੋਗਤਾ, ਵਾਦ-ਵਿਵਾਦ ਵਿਚ ਭਾਗ, ਸਿੱਟਿਆਂ ਦੇ ਮੁਲਾਂਕਣ ਵਿਚ ਹਿੱਸਾ ਲੈਣ ਦੇ ਅਵਸਰ ਦੇਣ ਦੀ ਯੋਜਨਾ ਬਣਾ ਚੁੱਕਾ ਹੁੰਦਾ ਹੈ।

**5. ਚੰਗਾ ਅਧਿਆਪਨ ਸੰਕੇਤਕ ਹੁੰਦਾ ਹੈ (Good Teaching is Suggestive)**

ਚੰਗਾ ਅਧਿਆਪਕ ਤਜਵੀਜ਼ ਦੇ ਆਧਾਰ ਉੱਪਰ ਅੱਗੇ ਵੱਧਦਾ ਹੈ ਨਾ ਕਿ ਆਦੇਸ਼ ਦੇ ਆਧਾਰ ਉੱਪਰ। ਅਧਿਆਪਕ ਅਗਵਾਈ ਵਿਚ ਆਪਣੀ ਪ੍ਰਦਰਸ਼ਿਤ ਸ਼ਕਤੀ ਸਦਕਾ ਅਗਵਾਈ ਦਿੰਦਾ ਹੈ। ਪਰੰਤੂ ਇਸ ਦਾ ਅਰਥ ਇਹ ਨਹੀਂ ਹੈ ਕਿ ਵਿਦਿਆਰਥੀ ਉਸ ਦੀ ਸੱਤਾ (ਅਧਿਕਾਰ) ਦਾ ਸਨਮਾਨ ਨਹੀਂ ਕਰਦੇ। ਕਈ ਵਾਰ ਤਾਂ ਉਹ ਦਇਆ, ਮਿਹਨਤ, ਜ਼ਿੰਮੇਵਾਰੀਆਂ ਆਦਿ ਤੇ ਜ਼ੋਰ ਵੀ ਨਹੀਂ ਦਿੰਦਾ। ਇਸ ਦਾ ਭਾਵ ਹੈ ਕਿ ਸਮੁੱਚੇ ਤੌਰ ਤੇ ਇਕ ਅਧਿਆਪਕ ਉਹਨਾਂ ਹਾਲਤਾਂ ਨੂੰ ਪੈਦਾ ਕਰਨ ਰਾਹੀਂ ਗੁਣਾਂ ਦੇ ਸਹਿਯੋਗ ਨੂੰ ਗ੍ਰਹਿਣ ਕਰਦਾ ਹੈ ਜਿਹਨਾਂ ਹਾਲਤਾਂ ਵਿਚ ਇਹ ਗੁਣ ਸੁਭਾਵਿਕ ਹੀ ਵਿਕਸਤ ਹੁੰਦੇ ਹਨ।

**6. ਚੰਗਾ ਅਧਿਆਪਨ ਲੋਕਤੰਤਰਿਕ ਹੁੰਦਾ ਹੈ (Good Teaching is Democratic)**

ਚੰਗਾ ਅਧਿਆਪਕ ਲੋਕਤੰਤਰਿਕ ਵਾਤਾਵਰਨ ਪੈਦਾ ਕਰਦਾ ਹੈ ਜਿਸ ਵਿੱਚ ਵਿਅਕਤੀਆਂ ਦੇ ਅਧਿਕਾਰ ਦਾ ਸਨਮਾਨ ਕੀਤਾ ਜਾਂਦਾ ਹੈ। ਇਸ ਵਾਤਾਵਰਨ ਵਿਚ ਅਧਿਆਪਕ ਸੋਚਦਾ ਹੈ ਕਿ ਸ਼੍ਰੇਣੀ ਵਿੱਚ ਹਰੇਕ ਵਿਅਕਤੀ ਦੇ ਬਰਾਬਰ ਦੇ ਹੱਕ ਹਨ ਅਤੇ ਸਾਰਿਆਂ ਉਪਰ ਸਮਾਨ ਨਿਯਮ ਲਾਗੂ ਹੁੰਦੇ ਹਨ। ਇਥੇ ਲੋਕਤੰਤਰ ਆਪਣੇ ਮੈਂਬਰਾਂ ਤੋਂ ਸਮੂਹਿਕ ਭਲਾਈ ਪ੍ਰਤੀ ਸੇਵਾ ਲਈ ਜ਼ਿੰਮੇਵਾਰੀਆਂ ਦੀ ਮੰਗ ਕਰਦਾ ਹੈ। ਇਸ ਦਾ ਅਰਥ ਹੈ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਪ੍ਰਾਪਤੀ ਅਤੇ ਸੇਵਾ ਕਰਨ ਦੇ ਮੌਕੇ ਪ੍ਰਦਾਨ ਕਰਨਾ।

**7. ਚੰਗਾ ਅਧਿਆਪਨ ਉੱਤੇਜਨਸ਼ੀਲ ਹੁੰਦਾ ਹੈ (Good Teaching is Stimulating)**

ਅਧਿਆਪਕ ਆਪਣੇ ਚੰਗੇ ਅਧਿਆਪਨ, ਵਿਅਕਤਿਤਵ ਅਤੇ ਕਿਰਿਆਵਾਂ ਰਾਹੀ ਵਿਦਿਆਰਥੀਆਂ ਦੇ ਵਿਅਕਤਿਤਵ ਅਤੇ ਕਿਰਿਆਵਾਂ ਨੂੰ ਉੱਤੇਜਿਤ ਕਰਦਾ ਹੈ। ਸਕੂਲ ਦਾ ਵਾਤਾਵਰਨ ਚੁਣਿਆ ਹੋਇਆ ਵਾਤਾਵਰਨ ਹੁੰਦਾ ਹੈ ਅਤੇ ਕਿਰਿਆਵਾਂ ਦਿਸ਼ਾਵਾਨ ਹੁੰਦੀਆਂ ਹਨ। ਇਸ ਦਾ ਅਰਥ ਹੈ ਕਿ ਚੰਗਾ ਅਧਿਆਪਕ ਅਧਿਆਪਨ ਕਿਰਿਆ ਨੂੰ, ਨਵੀਆਂ ਕਿਰਿਆਵਾਂ ਨੂੰ ਤਜਵੀਜ਼ਾ ਕਰਨ ਰਾਹੀਂ, ਅਲੋਚਨਾ ਰਾਹੀਂ ਅਤੇ ਸਿਧੀਆਂ ਤਜਵੀਜ਼ਾਂ ਰਾਹੀਂ ਉਤੇਜਿਤ ਕਰਦਾ ਹੈ।

**8. ਚੰਗਾ ਅਧਿਆਪਨ ਬੱਚਿਆਂ ਦੇ ਪੂਰਵ ਅਨੁਭਵਾਂ ਨੂੰ ਵੀ ਧਿਆਨ ਵਿੱਚ ਰੱਖਦਾ ਹੈ (Good Teaching takes into account the past experiences of children)**

ਇਕ ਚੰਗਾ ਅਧਿਆਪਕ ਜਾਣਦਾ ਹੈ ਕਿ ਸਿੱਖਿਆ ਸਭ ਤੋਂ ਵਧੀਆਂ ਅਰਥਾਂ ਵਿਚ ਅਨੁਭਵਾਂ ਦਾ ਮੁੜ

ਸੰਗਠਨ ਕਰਨਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਕਿਸੇ ਨਵੀਂ ਕਿਰਿਆ ਨੂੰ ਤਜਵੀਜ਼ ਕੀਤਾ ਜਾਵੇ ਅਤੇ ਬੱਚਿਆਂ ਦੀਆਂ ਰੁਚੀਆਂ, ਉਹਨਾਂ ਦੇ ਹੁਨਰਾਂ ਅਤੇ ਆਦਤਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਬਹੁਤ ਸਾਰੀਆਂ ਵਿਧੀਆਂ ਹਨ ਜਿਹੜੀਆਂ ਅਧਿਆਪਕ ਨੂੰ ਨਵੀਆਂ ਕਿਰਿਆਵਾਂ ਵਿਚ ਗਲਤੀਆਂ ਨੂੰ ਦੂਰ ਕਰਨ ਦੇ ਯੋਗ ਬਣਾਉਂਦੀਆਂ ਹਨ ਤਾਂ ਕਿ ਨਵੇਂ ਤੋਂ ਨਵੇਂ ਅਨੁਭਵ ਦੇ ਸਿੱਟਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕੀਤਾ ਜਾਵੇਗਾ।

**9. ਚੰਗਾ ਅਧਿਆਪਨ ਪ੍ਰਗਤੀਸ਼ੀਲ ਹੁੰਦਾ ਹੈ (Good Teaching is Progressive)**

ਇਕ ਚੰਗਾ ਅਧਿਆਪਕ ਬੱਚਿਆਂ ਦੀ ਪ੍ਰਗਤੀ ਭਾਵ ਉਹਨਾਂ ਦੇ ਰਵੱਈਏ, ਰੁਚੀਆਂ, ਵਿਕਾਰਾਂ, ਸੂਚਨਾ, ਹੁਨਰ ਯੋਗਤਾਵਾਂ ਦੀ ਪ੍ਰਾਪਤੀ ਨਾਲ ਸੰਬੰਧਿਤ ਹੁੰਦਾ ਹੇ। ਚੰਗਾ ਅਧਿਆਪਕ ਬੱਚਿਆਂ ਦੇ ਵਿਕਾਰਾਂ ਅਤੇ ਕਾਰਜਾਂ ਨਾਲ ਸੰਬੰਧਿਤ ਹੁੰਦਾ ਹੈ। ਜਿਹੜੇ ਇੱਛਾ ਯੋਗ ਸਮਾਜਿਕ ਉਦੇਸ਼ਾਂ ਦੀ ਪ੍ਰਾਪਤੀ ਵਲ ਲਿਜਾਂਦੇ ਹਨ। ਪ੍ਰਗਤੀ ਦਾ ਟੀਚਾ ਲੋਕਤੰਤਰ ਵਿਚ ਰਹਿ ਰਹੇ ਸਾਰੇ ਲੋਕਾਂ ਦੇ ਜੀਵਨ ਦੇ ਰਹਿਣ-ਸਹਿਣ ਦੇ ਢੰਗਾਂ ਵਿਚ ਸੁਧਾਰ ਲਿਆਉਣਾ ਹੁੰਦਾ ਹੈ। ਵਿਦਿਆ ਦੇ ਸਮਾਜਿਕ ਉਦੇਸ਼ਾਂ ਦੀ ਪੂਰਤੀ ਲਈ ਅਧਿਆਪਕ ਨੂੰ ਵਿਧੀਆਂ ਅਤੇ ਤਕਨੀਕਾਂ ਵਿਚ ਜ਼ਰੂਰ ਹੀ ਪ੍ਰਗਤੀ ਕਰਨੀ ਚਾਹੀਦੀ ਹੈ। ਜਦੋਂ ਅਧਿਆਪਨ ਵਿੱਚ ਸੁਧਾਰ ਹੁੰਦਾ ਹੈ ਤਾਂ ਇਹ ਪ੍ਰਗਤੀਸ਼ੀਲ ਹੁੰਦਾ ਹੈ।

**10. ਚੰਗਾ ਅਧਿਆਪਨ ਮੁਸ਼ਕਿਲ ਦੀ ਪਛਾਣ ਕਰਦਾ ਹੈ (Good Teaching Diagnoses difficulties)**

ਇਹ ਸੱਚ ਹੈ ਕਿ ਸਮਾਜਿਕ ਸਿੱਖਿਆ, ਵਿਗਿਆਨ, ਸਾਹਿਤ ਅਤੇ ਦੂਜੇ ਖੇਤਰਾਂ ਦੀ ਬਜਾਏ ਪੜ੍ਹਨ, ਸ਼ਬਦ ਜੋੜਾਂ, ਲਿਖਣ, ਭਾਸ਼ਾ ਅਤੇ ਹਿਸਾਬ ਦੇ ਵਿਸ਼ਿਆਂ ਵਿਚ ਮੁਸ਼ਕਲਾਂ ਦੀ ਪਹਿਚਾਣ ਅਧਿਕ ਹੋਈ ਹੈ, ਪਰੰਤੂ ਚੰਗੇ ਅਧਿਆਪਕ ਪਹਿਲਾਂ ਨਾਲੋਂ ਵਿਅਕਤੀਗਤ ਪੜ੍ਹਾਈ ਦੀਆਂ ਲੋੜਾਂ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹਨ। ਬੱਚਿਆਂ ਦੀਆਂ ਸਿੱਖਣ ਦੀਆਂ ਮੁਸ਼ਕਿਲਾਂ ਨੂੰ ਖੋਜਣ ਅਤੇ ਦੂਰ ਕਰਨ ਵਿਚ ਅਧਿਆਪਕਾਂ ਪਾਸੋਂ ਹੋਰ ਜ਼ਿਆਦਾ ਉਮੀਦ ਕੀਤੀ ਜਾਂਦੀ ਹੈ।

**11. ਚੰਗਾ ਅਧਿਆਪਨ ਇਲਾਜ ਯੋਗ ਹੇ (Good Teaching is remedial)**

ਚੰਗੇ ਅਧਿਆਪਕ ਨੂੰ ਜ਼ਰੂਰ ਹੀ ਵਿਅਕਤੀਗਤ ਅਤੇ ਸਮੂਹਿਕ ਮੁਸ਼ਕਲਾਂ ਲਈ ਸੁਝਾਅ ਪ੍ਰਦਾਨ ਕਰਨੇ ਚਾਹੀਦੇ ਹਨ। ਇਲਾਜ ਸੰਬੰਧੀ ਢੰਗ ਉਹਨਾਂ ਵਿਸ਼ਿਆਂ ਵਿਚ ਵਿਸ਼ੇਸ਼ ਕਰਕੇ ਮਹੱਤਵਪੂਰਨ ਹਨ ਜਿਹੜੇ ਹੁਨਰ ਸੰਬੰਧੀ ਹੁੰਦੇ ਹਨ ਅਤੇ ਜਿੱਥੇ ਕਦਮ ਕਦਮ ਤੇ ਪ੍ਰਗਤੀ ਕਰਨ ਵਿਚ ਰੁਕਾਵਟ ਪੈਦਾ ਹੁੰਦੀ ਹੈ। ਪੜ੍ਹਣ ਅਤੇ ਭਾਸ਼ਾ ਵਿਚ ਪਿਛੜੇ ਬੱਚਿਆਂ ਦੇ ਅਨੇਕਾਂ ਅਧਿਐਨਾਂ ਨੇ ਸੰਕੇਤ ਦਿੱਤਾ ਹੈ ਕਿ ਸਿੱਖਣ ਵਿਚ ਅਜਿਹੇ ਪਿਛੜੇਪਨ ਨੂੰ ਤਾਂ ਹੀ ਰੋਕਿਆ ਜਾ ਸਕਦਾ ਹੈ ਜੇ ਅਧਿਆਪਕ ਮੁਸ਼ਕਲਾਂ ਨੂੰ ਪਹਿਚਾਨਣਗੇ ਅਤੇ ਇਲਾਜਨਕ ਵਿਧੀਆਂ ਦਾ ਪ੍ਰਯੋਗ ਕਰਨਗੇ।

**12. ਚੰਗਾ ਅਧਿਆਪਨ ਸਿਖਿਆਰਥੀ ਨੂੰ ਮੁਕਤ ਕਰਦਾ ਹੈ (Good Teaching liberates the Learner)**

ਚੰਗੇ ਅਧਿਆਪਨ ਦਾ ਆਦਰਸ਼, ਵਿਚਾਰ ਵਿਚ ਸੁਤੰਤਰਤਾ, ਆਤਮ-ਨਿਰਭਰਤਾ ਅਤੇ ਵਿਦਿਆਰਥੀਆਂ ਵਿਚ ਵਿਸ਼ਵਾਸ ਦੀ ਭਾਵਨਾ ਦਾ ਵਿਕਾਸ ਕਰਨਾ ਹੈ, ਤਾਂ ਕਿ ਹੌਲੀ ਹੌਲੀ ਉਹ ਸੁਤੰਤਰ ਤੌਰ ਤੇ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਕਾਬਲ ਹੋ ਜਾਣ। ਚੰਗੇ ਅਧਿਆਪਨ ਦੀ ਪੁਸ਼ਟੀ ਵਿਦਿਆਰਥੀਆਂ ਵਿਚਕਾਰ ਪੜ੍ਹਨ ਦੀਆਂ ਸੁਤੰਤਰ ਆਦਤਾਂ ਅਤੇ ਕੰਮ ਕਰਨ ਵਿਚ ਪ੍ਰਾਪਤੀ ਹੈ। ਅਜਿਹੀ ਕਿਸਮ ਦਾ ਅਧਿਆਪਨ ਜਿਹੜਾ ਬੱਚੇ ਨੂੰ ਹਰ ਕਦਮ ਤੇ ਟੋਕਦਾ ਹੈ, ਇੱਛਾ ਯੋਗ ਨਹੀਂ ਹੈ। ਜਿਵੇਂ ਕਿ ਚੰਗਾ ਅਧਿਆਪਨ ਵਿਦਿਆਰਥੀ ਦੇ ਮਨ ਨੂੰ ਉਸ ਦੇ ਵਿਚਾਰ ਦੀਆਂ ਚੰਗੀਆਂ ਆਦਤਾਂ ਦੇ ਵਿਕਾਸ ਅਤੇ ਕਾਰਜ ਦੇ ਵਿਕਾਸ ਰਾਹੀਂ ਮੁਕਤ ਕਰਦਾ ਹੈ। ਉਸ ਦੇ ਹੁਨਰਾਂ ਅਤੇ ਯੋਗਤਾਵਾਂ ਨੂੰ ਪੂਰਨ ਬਣਾਉਂਦਾ ਹੈ। ਚੰਗੇ ਅਧਿਆਪਕ ਦਾ ਆਦਰਸ਼ ਬੱਚੇ ਨੂੰ ਅਧਿਆਪਨ ਤੋਂ ਸੁਤੰਤਰ ਕਰਨਾ ਹੈ।

### 1.1.4.1. ਹਿਲਗਰਡ ਦੇ ਸਿੱਖਣ ਸਿਧਾਂਤਾਂ ਉਪਰ ਆਧਾਰਿਤ ਅਧਿਆਪਨ ਦੇ ਸਿਧਾਂਤ

**(Teaching Principles based on Hilgards Learning Principles)**

| ਸਿੱਖਿਆਰਥੀ ਦੀਆਂ ਵਿਸ਼ੇਸ਼ਤਾਵਾਂ | ਅਧਿਆਪਨ ਦੇ ਸਿਧਾਂਤ |
|---|---|
| (ੳ) ਬੁੱਧੀ | 1. ਹੁਸ਼ਿਆਰ ਵਿਦਿਆਰਥੀ ਵਸਤੂਆਂ ਨੂੰ ਚੰਗੀ ਤਰ੍ਹਾਂ ਸਿਖ ਸਕਦੇ ਹਨ ਜਦੋਂ ਕਿ ਕਮਜ਼ੋਰ ਵਿਦਿਆਰਥੀ ਅਜਿਹਾ ਨਹੀਂ ਕਰ ਸਕਦੇ। |
| (ਅ) ਪ੍ਰੇਰਣਾ | 2. ਇਕ ਪ੍ਰੇਰਿਤ ਵਿਦਿਆਰਥੀ ਉਸ ਵਿਦਿਆਰਥੀ ਨਾਲੋਂ ਜਲਦੀ ਸਿਖਦਾ ਹੈ ਜਿਹੜਾ ਪ੍ਰੇਰਿਤ ਨਹੀਂ ਹੁੰਦਾ। |
| | 3. ਸਿੱਖਣ ਦੇ ਅੰਤਰ ਲਈ ਵਧ ਪ੍ਰੇਰਨਾ ਸਾਧਾਰਨ ਪ੍ਰੇਰਨਾ ਨਾਲੋਂ ਘੱਟ ਪ੍ਰਭਾਵਸ਼ਾਲੀ ਹੁੰਦੀ ਹੈ। |
| | 4. ਕਾਮਯਾਬ ਪ੍ਰੇਰਕ ਦੇ ਇਨਾਮ ਰਾਹੀਂ ਸਿੱਖਣਾ ਸਜ਼ਾ ਰਾਹੀਂ ਸਿੱਖਣ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। |
| | 5. ਅੰਤਰੀਵ ਪ੍ਰੇਰਨਾ ਅਧੀਨ ਸਿੱਖਣਾ ਬਾਹਰੀ ਪ੍ਰੇਰਨਾ ਅਧੀਨ ਸਿੱਖਣ ਨਾਲੋਂ ਵਧੇਰੇ ਇੱਛਾਯੋਗ ਹੁੰਦਾ ਹੈ। |
| (ੲ) ਇੱਛਾ ਦਾ ਪੱਧਰ | 6. ਸਿਖਿਆਰਥੀਆਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣੇ ਆਪ ਲਈ ਯਥਾਰਥਕ ਉਦੇਸ਼ਾਂ ਨੂੰ ਸਥਾਪਿਤ ਕਰਨ ਦਾ ਅਭਿਆਸ ਕਰਨ। ਉਹਨਾਂ ਦੇ ਉਦੇਸ਼ ਨਾ ਤਾਂ ਬਹੁਤ ਉੱਚੇ ਅਤੇ ਨਾ ਹੀ ਬਹੁਤ ਨੀਵੇਂ ਹੋਣੇ ਚਾਹੀਦੇ ਹਨ। |
| | 7. ਨਾ-ਕਾਮਯਾਬੀ ਅਤੇ ਸਹਿਨਸ਼ੀਲਤਾ ਨੂੰ ਸਫਲਤਾ ਦੇ ਪਿਛੋਕੜ ਰਾਹੀਂ ਸਭ ਤੋਂ ਵਧੀਆ ਢੰਗ ਨਾਲ ਸਿਖਾਇਆ ਜਾਂਦਾ ਹੈ। |
| (ਸ) ਸਿਖਿਆਰਥੀ ਦਾ ਰਵੱਈਆ | 8. ਇਕ ਅਧਿਆਪਕ ਦਾ ਨਿੱਜੀ ਇਤਿਹਾਸ ਸਿਖਿਆਰਥੀ ਦੀ ਸਿੱਖਣ ਯੋਗਤਾ ਵਿਚ ਰੁਕਾਵਟ ਜਾਂ ਵਾਧਾ ਕਰ ਸਕਦਾ ਹੈ। |
| | 9. ਸਿਖਿਆਰਥੀ ਦਾ ਕਿਰਿਆਤਮਕ ਭਾਗ ਲੈਣਾ ਨਿਸ਼ਕਿਰਿਆਸ਼ੀਲ ਹੋ ਕੇ ਗਿਆਨ ਪ੍ਰਾਪਤ ਕਰਨ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। |
| (ਹ) ਸਿੱਖਣ ਹਾਲਤ | 10. ਅਰਥ ਭਰਪੂਰ ਸਮੱਗਰੀਆਂ ਅਤੇ ਅਰਥ ਭਰਪੂਰ ਕੰਮਾਂ ਨੂੰ ਫਜ਼ੂਲ ਦੀਆਂ ਸਮੱਗਰੀਆਂ ਨਾਲੋਂ ਜ਼ਿਆਦਾ ਜਲਦੀ ਸਿੱਖਿਆ ਜਾਂਦਾ ਹੈ। |
| | 11. ਸਦੀਵੀ ਸਿੱਖਣ ਲਈ ਅਭਿਆਸ ਤੇ ਦੁਹਰਾਈ ਵੱਧ ਲਾਹੇਵੰਦ ਹਨ। |
| | 12. ਉਚਿਤ ਜੁਆਬ ਅਤੇ ਸਿੱਟਿਆਂ ਦਾ ਗਿਆਨ, ਸਿੱਖਣ ਵਿਚ ਮਦਦ ਕਰਦਾ ਹੈ। |

13. ਜੇ ਸਿਖਿਆਰਥੀ ਖੁਦ ਨਵੇਂ ਤੇ ਪੁਰਾਣੇ ਕੰਮਾਂ ਵਿਚਕਾਰ ਸਬੰਧ ਨੂੰ ਖੋਜਦਾ ਹੈ ਤਾਂ ਸਿੱਖਣ ਦੀ ਤਬਦੀਲੀ ਵਧੇਰੇ ਬੇਹਤਰ ਹੋਵੇਗੀ।
14. ਯਾਦਸ਼ਕਤੀ ਨੂੰ ਸਿਖੀ ਹੋਈ ਸਮੱਗਰੀ ਦੇ ਵੱਖ ਵੱਖ ਹਿੱਸਿਆਂ ਨੂੰ ਯਾਦ ਕਰਨ ਰਾਹੀਂ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

### 1.1.4.2. ਟੀ.ਆਰ.ਮੈਕਕੋਨੈਲ ਦੇ ਸਿੱਖਣ ਸਿਧਾਂਤਾਂ ਉਪਰ ਅਧਾਰਤ ਅਧਿਆਪਨ ਦੇ ਸਿਧਾਂਤ

(**Teaching Principles based on learning principles of T.R. McConnell**)

ਬਰਟਨ (1958) ਨੇ ਆਪਣੇ ਪੇਪਰ, 'ਬੇਸਿਕ ਪ੍ਰਿੰਸੀਪਲਜ਼ ਇਨ ਏ ਗੁੱਡ ਟੀਚਿੰਗ–ਲਰਨਿੰਗ ਸਿਚੁਏਸ਼ਨ', ਵਿਚ ਆਪਣੀ ਖੁਦ ਦੀ ਸਥਿਤੀ ਦਾ ਵਿਕਾਸ ਕਰਨ ਲਈ ਮੈਕਕੋਨੈਲ ਦੇ ਸਿੱਖਣ ਸਿਧਾਂਤਾਂ ਦਾ ਇਸਤੇਮਾਲ ਕੀਤਾ ਹੈ। ਉਸ ਨੇ ਮੈਕੱਕੋਨੇਲ ਦੇ ਸਿੱਖਣ ਸਿਧਾਂਤਾਂ ਉਪਰ ਅਧਾਰਤ ਸਿਖਿਆਰਥੀ ਦੀਆਂ ਯੋਗਤਾਵਾਂ ਦੀ ਸੂਚੀ ਤਿਆਰ ਕੀਤੀ ਹੈ। ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ ਅਤੇ ਅਧਿਆਪਨ ਸਿਧਾਂਤਾਂ ਨੂੰ ਸੰਖੇਪ ਕਰਕੇ ਅੱਗੇ ਦਿੱਤਾ ਗਿਆ ਹੈ।

| **ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ** | **ਅਧਿਆਪਨ ਸਿਧਾਂਤ** |
|---|---|
| 1. ਸਿਖਿਆਰਥੀ ਇਕ ਜਿੰਦਾ ਜੀਵ, ਇਕ ਇਕਾਤਮਕ ਏਕੀਕ੍ਰਿਤ ਸਮੁੱਚਤਾ ਹੈ। | 1. ਸਿੱਖਣ ਅਨੁਭਵਾਂ ਨੂੰ ਮਹਿਸੂਸ ਕਰਨ, ਕੰਮ ਕਰਨ ਅਤੇ ਚਿੰਤਨ ਦੇ ਸੁਭਾਵਕ ਏਕੀਕਰਨ ਰਾਹੀ ਪ੍ਰਦਾਨ ਕਰਨਾ ਚਾਹੀਦਾ ਹੈ। |
| **2.** ਸਿਖਿਆਰਥੀ ਹਮੇਸ਼ਾਂ ਹੀ ਆਪਣੀਆਂ ਲੋੜਾਂ ਨੂੰ ਸੰਤੁਸ਼ਟ ਕਰਨ ਲਈ ਸੰਤੁਲਨ ਕਾਇਮ ਰਖਣਾ ਚਾਹੁੰਦਾ ਹੈ। | 2. ਸਿਖਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਿੱਖਣ ਅਨੁਭਵ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। |
| 3. ਸਿਖਿਆਰਥੀ ਆਪਣੀਆਂ ਲੋੜਾਂ ਦੀ ਸੰਤੁਸ਼ਟੀ ਲਈ ਉਦੇਸ਼ ਦੀ ਭਾਲ ਕਰਨ ਵਾਲਾ ਜੀਵ ਹੈ। | 3. ਸਿੱਖਣ ਮੰਤਵ ਭਰਪੂਰ ਹੋਣਾ ਚਾਹੀਦਾ ਹੈ।ਉਦੇਸ਼ ਦੀ ਪ੍ਰਾਪਤੀ ਲਈ ਸਿਖਿਆਰਥੀ ਨੂੰ ਉਚਿੱਤ ਅਗਵਾਈ ਦਿੱਤੀ ਜਾ ਸਕਦੀ ਹੈ। |
| 4. ਸਿਖਿਆਰਥੀ ਕਿਰਿਆਤਮਕ ਵਿਵਹਾਰ ਕਰਨ ਵਾਲਾ ਵਿਅਕਤੀ ਹੁੰਦਾ ਹੈ। | 4. ਰਚਨਾਤਮਕ ਯੋਗਦਾਨਾਂ ਦੇ ਵਿਕਾਸ ਲਈ ਸਿੱਖਣ ਹਾਲਤਾਂ ਨੂੰ ਸੁਤੰਤਰਤਾ ਪ੍ਰਦਾਨ ਕਰਨੀ ਚਾਹੀਦੀ ਹੈ। |
| 5. ਵਿਅਕਤੀਆਂ ਦੀ ਸਿੱਖਣ ਦੀ ਗਤੀ ਵਿਚ ਵਰਨਣਯੋਗ ਅੰਤਰ ਹੁੰਦੇ ਹਨ। | 5. ਹਰੇਕ ਸਿਖਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਭਿੰਨ–ਭਿੰਨ ਕਿਸਮ ਦੇ ਸਿੱਖਣ ਅਨੁਭਵ ਦਿੱਤੇ ਜਾਣੇ ਚਾਹੀਦੇ ਹਨ। |
| 6. ਸਿਖਿਆਰਥੀ ਇਕ ਸਮਾਜਿਕ ਜੀਵ ਹੈ ਜੋ ਆਪਣੇ ਨਾਲ ਇਕ ਵਿਅਕਤਿਤਵ ਅਤੇ ਮੁਲਾਂ ਦਾ ਸੈਟ ਲਿਆਉਂਦਾ ਹੈ। ਉਸ ਨੂੰ ਸਮਾਜੀ ਵਾਤਾਵਰਨ ਦੀ ਲੋੜ ਹੁੰਦੀ ਹੈ। | 6. ਸਿੱਖਣ ਅਨੁਭਵਾਂ ਨੂੰ ਸਥਾਪਤ ਕਰਦੇ ਹੋਏ ਸਿਖਿਆਰਥੀ ਦੇ ਪਰਿਵਾਰ ਦੀ ਪਿੱਠ ਭੂਮੀ ਅਤੇ ਵਿਅਕਤਿਤਵ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। |
| 7. ਸਿਖਿਆਰਥੀ ਅਪ੍ਰੋਢ ਹੁੰਦਾ ਹੈ। ਇਸ ਲਈ ਲਈ ਉਸ ਨੂੰ ਅਗਵਾਈ ਦੀ ਲੋੜ ਹੁੰਦੀ ਹੈ। | 7. ਸਿਖਿਆਰਥੀ ਨੂੰ ਹਮਦਰਦੀ ਭਰੀ ਅਗਵਾਈ ਦੀ ਲੋੜ ਹੁੰਦੀ ਹੈ ਜਦੋਂ ਜਦੋਂ ਉਸ ਦੇ ਵਿਅਕਤਿਤਵ ਦਾ ਵਿਕਾਸ ਹੁੰਦਾ ਹੈ। |
| 8. ਸਿਖਿਆਰਥੀ ਇਕ ਸਮਾਜਿਕ ਜੀਵ ਹੈ ਅਤੇ | 8. ਸਮਾਜਕ੍ਰਿਤ ਵਿਅਕਤਿਤਵ ਦੇ ਵਿਕਾਸ ਲਈ ਸ਼੍ਰੇਣੀ ਦੇ |

ਦੂਜੇ ਵਿਅਕਤੀਆਂ ਨੂੰ ਕਿਰਿਆਵਾਂ ਵਿਚ ਸ਼ਾਮਿਲ ਕਰਨਾ ਚਾਹੁੰਦਾ ਹੈ।

ਆਪਸੀ ਤਾਲ-ਮੇਲ ਦਾ ਸਮੁੱਚਾ ਖੇਤਰ ਸਹਿਯੋਗੀ ਪ੍ਰਕ੍ਰਿਆ ਹੋਣੀ ਚਾਹੀਦੀ ਹੈ।

ਬਰਟਨ ਨੇ ਸਿੱਟਾ ਕੱਢਿਆ ਹੈ ਕਿ ਅਧਿਆਪਨ ਦੇ ਸਿਧਾਂਤਾਂ ਦੇ ਵਿਕਾਸ ਲਈ ਜਾਂ ਸਿੱਖਣ ਹਾਲਤਾਂ ਦੇ ਨਿਰਮਾਣ ਲਈ ਇਕ ਸਿਖਿਆਰਥੀ ਦੀਆਂ ਅੱਠ ਵਿਸ਼ੇਸ਼ਤਾਵਾਂ ਬੁਨਿਆਦੀ ਹਨ।

### 1.1.5 **ਅਧਿਆਪਨ ਦੇ ਸਿਧਾਂਤ :**

ਅਧਿਆਪਨ ਦੇ ਸਿਧਾਂਤ ਅਧਿਆਪਕ ਨੂੰ ਇਸ ਯੋਗ ਬਣਾ ਦਿੰਦੇ ਨੇ ਕਿ ਜਿਸ ਰਾਹੀਂ ਉਹ ਅਧਿਆਪਨ-ਸਿਖਣ ਪ੍ਰਕ੍ਰਿਆ ਨੂੰ ਚੁਨੌਤੀਪੂਰਨ, ਪ੍ਰੇਰਣਾਪੂਰਣ ਅਤੇ ਪ੍ਰਭਾਵਸ਼ਾਲੀ ਬਣਾ ਸਕੇ। ਪ੍ਰਭਾਵਸ਼ਾਲੀ ਅਧਿਆਪਨ ਲਈ ਅਧਿਆਪਕ ਨੂੰ ਸਿੱਖਿਆਰਥੀਆਂ ਦੇ ਪੱਧਰ ਤੇ ਉੱਤਰਨਾ ਪੈਂਦਾ ਹੈ ਤਾਂਕਿ ਉਹ ਬੱਚਿਆਂ ਦੇ ਸਿੱਖਣ ਦੇ ਪੱਧਰ ਨੂੰ ਉੱਚਾ ਉਠਾ ਸਕੇ। ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਹੇਤੂ ਅਧਿਆਪਕ ਨੂੰ ਹੇਠ ਲਿਖੇ ਅਧਿਆਪਨ ਦੇ ਸਿਧਾਂਤਾਂ ਦੀ ਪਾਲਨਾ ਕਰਨੀ ਚਾਹੀਦੀ ਹੈ। ਇਨ੍ਹਾਂ ਅਧਿਆਪਨ ਸਿਧਾਂਤਾ ਨੂੰ ਦੋ ਮੁੱਖ ਸਮੂਹਾਂ ਵਿਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

1.5.1 ਸਧਾਰਨ ਸਿਧਾਂਤ

1.5.2 ਮਨੋਵਿਗਿਆਨਿਕ ਸਿਧਾਂਤ

#### 1.5.1 **ਸਧਾਰਨ ਸਿਧਾਂਤ**

(1) **ਨਿਸ਼ਚਿਤ ਟੀਚਿਆਂ ਅਤੇ ਉਦੇਸ਼ਾਂ ਦਾ ਸਿਧਾਂਤ** : ਅਧਿਆਪਕ ਅਤੇ ਵਿਦਿਆਰਥੀਆਂ ਨੂੰ ਅਧਿਆਪਨ ਅਤੇ ਸਿੱਖਣ ਦੇ ਟੀਚੇ ਅਤੇ ਉਦੇਸ਼ ਸਪਸ਼ਟ ਅਤੇ ਸਾਫ਼ ਹੋਣੇ ਚਾਹੀਦੇ ਹਨ।

(2) **ਸਿੱਖਿਆਰਥੀ ਕੇਂਦਰਿਤ ਦਾ ਸਿਧਾਂਤ** : ਅਜ ਦੇ ਸਮੇਂ ਵਿਚ ਸੰਪੂਰਨ ਅਧਿਆਪਨ ਸਿੱਖਣ ਪ੍ਰਕ੍ਰਿਆ ਦਾ ਕੇਂਦਰ ਬੱਚਾ ਹੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਧਿਆਪਨ ਦੇ ਢੰਗ, ਰਣਨੀਤਿਆਂ ਆਦਿ ਵਿਦਿਆਰਥੀ ਦੀ ਲੋੜ, ਰੁਚੀ ਅਤੇ ਯੋਗਤਾ ਦੇ ਅਨੁਰੂਪ ਹੋਵੇ।

(3) **ਵਿਅਕਤੀਗਤ ਭਿੰਨਤਾ ਦਾ ਸਿਧਾਂਤ**– ਅਧਿਆਪਕ ਨੂੰ ਜਮਾਤ ਦੇ ਸਾਰੇ ਬੱਚਿਆਂ ਦੀ ਸਿੱਖਣ ਗਤੀ ਨੂੰ ਧਿਆਨ ਵਿਚ ਰੱਖਦੇ ਹੋਏ ਅਧਿਆਪਨ ਦੀ ਯੋਜਨਾਵਾਂ ਤੇ ਲਾਗੂ ਕਰਨ ਦੀ ਵਿਵਸਥਾ ਕਰਨੀ ਚਾਹੀਦੀ ਹੈ, ਕਿਉਂਕਿ ਹਰੇਕ ਬੱਚਾ ਦੂਸਰੇ ਬੱਚਿਆਂ ਤੋਂ ਭਿੰਨ ਹੁੰਦਾ ਹੈ ਅਤੇ ਉਸਦੇ ਸਿੱਖਣ ਦੀ ਗਤੀ ਵੀ ਦੂਸਰਿਆਂ ਨਾਲੋ ਭਿੰਨ ਹੁੰਦੀ ਹੈ। ਬੱਚਿਆਂ ਦੀਆਂ ਯੋਜਨਾਵਾਂ, ਰੁਚੀਆਂ ਅਤੇ ਝੁਕਾਵਾਂ ਦੇ ਅਨੁਸਾਰ ਹੀ ਬੱਚਿਆਂ ਨੂੰ ਪੜਾਇਆਂ ਜਾਣਾ ਚਾਹੀਦਾ ਹੈ।

(4) **ਕਿਰਿਆਸ਼ੀਲਤਾ ਦਾ ਸਿਧਾਂਤ** : ਬੱਚੇ ਨੂੰ ਜਮਾਤ ਦੇ ਅਧਿਆਪਨ-ਸਿੱਖਣ ਪ੍ਰਕ੍ਰਿਆ ਦੌਰਾਨ ਕਿਰਿਆਸ਼ੀਲ ਰਖਣਾ ਹੀ ਅਧਿਆਪਨ ਦਾ ਮੁੱਖ ਉਦੇਸ਼ ਹੈ।

(5) **ਸਹਿਯੋਗ ਦਾ ਸਿਧਾਂਤ** : ਜਦੋਂ ਅਧਿਆਪਨ-ਸਿੱਖਣ ਪ੍ਰਕ੍ਰਿਆ ਦੌਰਾਨ ਵਿਦਿਆਰਥੀ ਅਤੇ ਅਧਿਆਪਕ ਇਕ ਦੂਜੇ ਦੇ ਸਹਿਯੋਗ ਨਾਲ ਕੰਮ ਕਰਦੇ ਹਨ ਤਾਂ ਜਮਾਤ ਦਾ ਵਾਤਾਵਰਣ ਬਹੁਤ ਵਧੀਆ ਬਣ ਜਾਂਦਾ ਹੈ।

(6) **ਪ੍ਰਗਤੀਸ਼ੀਲਤਾ ਦਾ ਸਿਧਾਤ**– ਅਧਿਆਪਨ ਪ੍ਰਗਤੀਸ਼ੀਲ ਹੋਣਾ ਚਾਹੀਦਾ ਹੈ। ਅਧਿਆਪਕ ਨੂੰ ਸਿੱਖਣ ਦੇ ਸਮਾਜਿਕ ਉਦੇਸ਼ਾ ਦੀ ਪੂਰਤੀ ਲਈ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਪ੍ਰਤੀ ਪ੍ਰਗਤੀ, ਰੁਚੀਆ ਅਤੇ ਰਵਇਏ ਲਈ ਆਪਣੇ ਹੁਨਰਾਂ ਦਾ ਵਿਕਾਸ ਕਰਨਾ ਚਾਹੀਦਾ ਹੈ ਅਤੇ ਵੱਖ ਵੱਖ ਤਕਨੀਕਾਂ ਦੀ ਵਰਤੋ ਕਰਨੀ ਚਾਹੀਦੀ ਹੈ ਜਿਸ ਰਾਹੀ ਉਹ ਇਨ੍ਹਾਂ ਉਦੇਸ਼ਾ ਦੀ ਪੂਰਤੀ ਕਰ ਸਕੇ।

#### 1.1.5.2 **ਮਨੋਵਿਗਿਆਨਿਕ ਸਿਧਾਂਤ**) ਮਨੋਵਿਗਿਆਨਿਕ ਸਿਧਾਂਤ

1) **ਪ੍ਰੇਰਣਾ ਦਾ ਸਿਧਾਂਤ:** ਇਹ ਵਿਦਿਆਰਥੀ ਵਿਚ ਰੁਚੀ ਪੈਦਾ ਕਰਦੀ ਹੈ। ਇਸ ਲਈ ਜਦੋ ਵਿਦਿਆਰਥੀ ਪ੍ਰੇਰਿਤ ਹੋ ਜਾਂਦਾ ਹੈ ਉਹ ਪੜ੍ਹਾਈ ਦੇ ਕੰਮ ਵਿਚ ਧਿਆਨ ਦਿੰਦਾ ਹੈ।

2) **ਅਸਲ ਜੀਵਨ ਨਾਲ ਜੋੜਕੇ ਪੜ੍ਹਾਉਣ ਦਾ ਸਿਧਾਂਤ** : ਅਧਿਆਪਨ ਸਦਾ ਹੀ ਸਮਾਜਿਕ ਸੰਦਰਭ ਵਿਚ ਹੁੰਦਾ ਹੈ। ਇਸ ਲਈ ਕੋਈ ਵੀ ਵਿਸ਼ਾ ਪੜ੍ਹਾਉਂਦੇ ਸਮੇਂ ਰੋਜ਼ਮਰਹਾ ਦੀ ਜ਼ਿੰਦਗੀ ਤੋਂ ਕੁਝ ਕੁ ਉਦਾਹਰਣਾਂ ਦੇ ਕੇ ਪੜ੍ਹਾਉਣ ਨਾਲ ਅਧਿਆਪਨ ਪ੍ਰਭਾਵਸ਼ਾਲੀ ਅਤੇ ਰੁਚੀਕਰ ਬਣਦਾ ਹੈ ਅਤੇ ਵਿਦਿਆਰਥੀ ਵੀ ਵਿਸ਼ੇ ਦੀ ਮਹੱਤਤਾ ਨੂੰ

ਸਮਝਦੇ ਹਨ।

(3) **ਜਮਾਤ ਵਿਚ ਵਿਦਿਆਰਥੀਆਂ ਦੀ ਭਾਗੀਦਾਰੀ ਦਾ ਸਿਧਾਂਤ** : ਇਸ ਸਿਧਾਂਤ ਦੇ ਅਨੁਸਾਰ ਅਧਿਆਪਨ ਸਿੱਖਣ ਪ੍ਰਕ੍ਰਿਆ ਦੇ ਹਰੇਕ ਪੜਾਅ ਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਹੋਣੀ ਜ਼ਰੂਰੀ ਹੈ।

(4) **ਯੋਜਨਾਬੱਧਤਾ ਦਾ ਸਿਧਾਂਤ** : ਅਧਿਆਪਨ ਸਦਾ ਹੀ ਯੋਜਨਾਬੱਧ ਹੋਣਾ ਚਾਹੀਦਾ ਹੈ। ਇਸ ਵਿਚ ਪਾਠਾਂ ਦੀ ਤਿਆਰੀ, ਸਹਾਇਕ ਸਾਮਗ੍ਰੀ ਉਦੇਸ਼ ਅਤੇ ਟੀਚੇ ਨਿਰਧਾਰਿਤ ਕਰਨਾ, ਪੜ੍ਹਾਉਣ ਦੇ ਢੰਗ ਅਤੇ ਰਣਨੀਤਿਆਂ ਦੀ ਚੋਣ ਆਦਿ ਸ਼ਾਮਿਲ ਹੈ।

(5) **ਪ੍ਰਭਾਵਸ਼ਾਲੀ ਰਣਨੀਤਿਆਂ ਦਾ ਸਿਧਾਂਤ** : ਅਧਿਆਪਕ ਨੂੰ ਹਮੇਸ਼ਾ ਹੀ ਪੜ੍ਹਾਉਣ ਤੋਂ ਪਹਿਲਾਂ ਪ੍ਰਭਾਵਸ਼ਾਲੀ ਰਣਨੀਤਿਆਂ ਦੀ ਚੋਣ ਕਰ ਲੈਣੀ ਚਾਹੀਦੀ ਹੈ ਤਾਂਕਿ ਅਧਿਆਪਨ ਪ੍ਰਭਾਵਸ਼ਾਲੀ ਅਤੇ ਉਦੇਸ਼ਪੂਰਣ ਬਣ ਸਕੇ।

(6) **ਲਚੀਲੇਪਨ ਦਾ ਸਿਧਾਂਤ** : ਅਧਿਆਪਨ ਇਕ ਗੁੰਝਲਦਾਰ ਕੰਮ ਹੈ ਕਿਉਂਕਿ ਇਹ ਮਨੁੱਖੀ ਵਿਵਹਾਰ ਨਾਲ ਸਬੰਧਤ ਹੈ ਜਿਹੜਾ ਕਿ ਆਪਣੇ ਆਪ ਵਿਚ ਹੀ ਬਹੁਤ ਗੁੰਝਲਦਾਰ ਹੈ। ਇਸ ਲਈ ਅਧਿਆਪਕ ਦੁਆਰਾ ਪੜ੍ਹਾਉਣ ਲਈ ਕੀਤੀ ਗਈ ਤਿਆਰੀ ਵਿਚ ਯੋਜਨਾ ਦੇ ਨਾਲ-ਨਾਲ ਲਚਕਤਾ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ, ਕਿਉਂਕਿ ਕਈ ਵਾਰ ਜਮਾਤ ਵਿਚ ਕੁਝ ਇਸ ਤਰ੍ਹਾਂ ਦੇ ਹਾਲਾਤ ਵੀ ਬਣ ਜਾਂਦੇ ਹਨ ਜਿਹੜੇ ਕਿ ਅਧਿਆਪਨ ਸਿੱਖਣ ਪ੍ਰਕ੍ਰਿਆ ਦੀ ਯੋਜਨਾ ਦਾ ਹਿੱਸਾ ਨਹੀਂ ਹੁੰਦੇ। ਇਸ ਲਈ ਅਧਿਆਪਕ ਨੂੰ ਉਨ੍ਹਾਂ ਹਲਾਤਾਂ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।

(7) **ਸੰਬੰਧਤਾ ਦਾ ਸਿਧਾਂਤ** : ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਨਵੀਆਂ ਪੜ੍ਹਨ ਵਾਲੀ ਗਲਾਂ ਨੂੰ, ਪਹਿਲਾਂ ਤੋਂ ਹੀ ਪਤਾ ਗਿਆਨ ਨਾਲ ਸੰਬੰਧਤ ਕਰਕੇ ਪੜ੍ਹਾਵੇ। ਜਿਸ ਰਾਹੀਂ ਨਵਾਂ ਗਿਆਨ ਬੱਚਿਆਂ ਲਈ ਸਿੱਖਣਾ ਆਸਾਨ ਹੋ ਜਾਵੇਗਾ ਅਤੇ ਅਧਿਆਪਕ ਵੀ ਪ੍ਰਭਾਵਸ਼ਾਲੀ ਹੋਵੇਗਾ।

8) **ਹਮਦਰਦੀ ਤੇ ਦਿਆਲਤਾ ਦਾ ਸਿਧਾਂਤ**: ਚੰਗਾ ਅਧਿਆਪਕ ਇਕ ਚੰਗਾ ਦੋਸਤ ਤੇ ਪੱਥ ਪ੍ਰਦਰਸ਼ਕ ਹੁੰਦਾ ਹੈ। ਅਧਿਆਪਕ ਦਾ ਵਿਵਹਾਰ ਬੱਚਿਆਂ ਪ੍ਰਤੀ ਹਮਦਰਦੀ ਵਾਲਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਹਰੇਕ ਵਿਦਿਆਰਥੀ ਨੂੰ ਸਮਝਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ ਤਾਂ ਕਿ ਕੋਈ ਵਿਦਿਆਰਥੀ ਉਸ ਤੋ ਡਰੇ ਨਹੀ ਅਤੇ ਉਸ ਦਾ ਸਨਮਾਨ ਕਰੇ।

9) **ਸਿਰਜਨਾਤਮਿਕਤਾ ਦਾ ਸਿਧਾਂਤ**: ਅਧਿਆਪਨ ਦੋਰਾਨ ਅਧਿਆਪਕ ਨੂੰ ਵਿਦਿਆਰਥੀਆਂ ਅੰਦਰ ਸਿਰਜਨਾਤਮਕਤਾਂ ਉਤਪੰਨ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਵਿਚ ਰੱਟੇ ਦੀ ਪ੍ਰਵਿਰਤੀ ਨੂੰ ਦੂਰ ਕਰਦੇ ਹੋਏ ਸਿਰਜਨਾਤਮਕ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨੀ ਚਾਹੀਦੀ ਹੈ।

(10) **ਤੱਤਪਰਤਾ ਦਾ ਸਿਧਾਂਤ** : ਅਧਿਆਪਕ ਨੂੰ ਬੱਚਿਆਂ ਨੂੰ ਸਿੱਖਣ ਲਈ ਤੱਤਪਰ ਕਰਨਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਬੱਚਾ ਸਿੱਖਣ ਲਈ ਤਿਆਰ ਨਹੀਂ ਹੋਵੇਗਾ। ਜਿਸ ਦਾ ਅਧਿਆਪਨ ਤੇ ਉਲਟ ਪ੍ਰਭਾਵ ਪੈਂਦਾ ਹੈ।

(11) **ਜਮਾਤ ਵਿਚ ਵਧੀਆ ਵਾਤਾਵਰਣ ਦਾ ਸਿਧਾਂਤ** : ਜਮਾਤ ਦਾ ਵਾਤਾਵਰਣ ਸਿੱਖਣ ਅਤੇ ਅਧਿਆਪਨ ਦੇ ਅਨੁਕੂਲ ਹੋਣਾ ਚਾਹੀਦਾ ਹੈ। ਜਿਸ ਵਿਚ ਪ੍ਰੇਰਿਤ ਵਿਦਿਆਰਥੀ, ਅਨੁਸ਼ਾਸਨ, ਅਧਿਆਪਕ ਦਾ ਸਿੱਖਿਆਰਥੀ ਪ੍ਰਤਿ ਰਵਾਇਆ, ਜਮਾਤ ਵਿਚ ਵਧੀਆ ਰੋਸ਼ਨੀ, ਬੈਠਣ ਦਾ ਇੰਤਜ਼ਾਮ ਆਦਿ ਸ਼ਾਮਿਲ ਹਨ।

(12) **ਪੁਨਰਬਲਨ ਦਾ ਸਿਧਾਂਤ** : ਅਧਿਆਪਕ ਨੂੰ ਸਮੇਂ-ਸਮੇਂ ਤੇ ਬੱਚਿਆਂ ਨੂੰ ਹਲਾ ਸ਼ੇਰੀ ਦੇਣੀ ਚਾਹੀਦੀ ਹੈ। ਜਿਸ ਕਰਕੇ ਉਨ੍ਹਾਂ ਦਾ ਵਿਸ਼ੇ ਅਤੇ ਜਮਾਤ ਵਿਚ ਧਿਆਨ ਬਣਿਆ ਰਹੇ ਅਤੇ ਉਹ ਪ੍ਰੋਤਸ਼ਾਹਿਤ ਰਹਿਣ। ਬੱਚਿਆਂ ਦੀ ਪ੍ਰਾਪਤੀ ਤੇ ਉਨ੍ਹਾਂ ਦੀ ਪ੍ਰਸ਼ੰਸ਼ਾ ਕਰਨਾ ਜ਼ਰੂਰੀ ਹੁੰਦਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਹ ਅਧਿਆਪਨ ਦੇ ਸਿਧਾਂਤ ਅਧਿਆਪਨ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ ਅਤੇ ਸਿੱਖਣ ਨੂੰ ਆਸਾਨ ਬਣਾਉਂਦੇ ਹਨ।

### 1.1.6 **ਅਧਿਆਪਨ ਦੇ ਸੂਤਰ (Maxims of Teaching) :**

ਅਧਿਆਪਨ ਕਲਾ ਤਾਂ ਹੈ ਪਰ ਨਾਲ ਨਾਲ ਇਹ ਤਕਨੀਕ ਵੀ ਹੈ, ਵਿਗਿਆਨ ਵੀ ਹੈ, ਚੱਜ ਵੀ ਹੈ। ਇਸ

ਤਕਨੀਕ ਦੇ ਕਈ ਨਿੱਕੇ ਨਿੱਕੇ ਅਸੂਲ ਜਾਂ ਸੂਤਰ (Maxims) ਹਨ ਜਿਨ੍ਹਾਂ ਦੀ ਪਛਾਣ ਵਿਗਿਆਨੀਆਂ ਦੇ ਲੰਬੇ ਤਜ਼ਰਬੇ ਤੋਂ ਬਾਅਦ ਕੀਤੀ ਗਈ ਹੈ। ਪੜ੍ਹਾਉਣ ਵੇਲੇ ਇਨ੍ਹਾਂ ਦੀ ਵਰਤੋਂ ਕਰਨ ਨਾਲ ਅਧਿਆਪਕ ਉਦੇਸ਼ ਪੂਰਤੀ ਵਿਚ ਸਹਿਜੇ ਹੀ ਸਫ਼ਲ ਹੋ ਜਾਂਦਾ ਹੈ। ਕੁਝ ਪ੍ਰਮੁੱਖ ਸੂਤਰ ਹੇਠਾਂ ਦਿੱਤੇ ਜਾਂਦੇ ਹਨ :

(1) **ਗਿਆਤ ਤੋਂ ਅਗਿਆਤ ਵੱਲ ਜਾਣਾ :** ਪੜ੍ਹਾਉਣ ਦਾ ਸਭ ਤੋਂ ਸੁਭਾਵਿਕ ਢੰਗ ਹੈ ਉਨ੍ਹਾਂ ਗੱਲਾਂ ਨਾਲ ਪਾਠ ਸ਼ੁਰੂ ਕਰਨਾ ਜਿਹੜੀਆਂ ਵਿਦਿਆਰਥੀ ਨੂੰ ਪਹਿਲੋਂ ਹੀ ਪਤਾ ਹਨ ਤੇ ਉਸ ਨੂੰ ਉਨ੍ਹਾਂ ਤੱਥਾਂ ਵੱਲ ਲੈ ਜਾਣਾ ਜਿਨ੍ਹਾਂ ਤੋਂ ਉਹ ਪਰਿਚਿਤ ਨਹੀਂ। ਗਿਆਤ ਤੱਥਾਂ ਨੂੰ ਦੱਸਣ ਦਾ ਉਦੇਸ਼ ਵਿਦਿਆਰਥੀਆਂ ਨੂੰ ਇਹ ਦਰਸਾਉਣਾ ਹੁੰਦਾ ਹੈ ਕਿ ਇਹ ਨਵੀਆਂ ਪੜ੍ਹਨ ਵਾਲੀਆਂ ਗੱਲਾਂ ਗਿਆਤ ਗੱਲਾਂ ਨਾਲੋਂ ਕਿਵੇਂ ਭਿੰਨ ਹਨ ਜਾਂ ਇਨ੍ਹਾਂ ਵਿਚ ਕੀ ਸਮਾਨਤਾ ਹੈ। ਨਵੇਂ ਤੇ ਔਖੇ ਸ਼ਬਦਾਂ ਦਾ ਆਧਾਰ ਵੀ ਸੌਖੇ ਤੇ ਜਾਣੇ ਪਹਿਚਾਨੇ ਸ਼ਬਦ ਹੋਣੇ ਚਾਹੀਦੇ ਹਨ।

(2) **ਸਰਲ ਤੋਂ ਗੁੰਝਲਦਾਰ ਜਾਂ ਕਠਿਨ ਵੱਲ ਜਾਣਾ :** ਵਿਸ਼ੇ-ਸਾਮਗ੍ਰੀ ਦੀ ਵੰਡ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਸਹਿਜੇ ਸਮਝ ਵਿਚ ਆਉਣ ਵਾਲੇ ਵਿਚਾਰਾਂ ਦੀ ਵਰਤੋਂ ਆਰੰਭਕ-ਬਿੰਦੂਆਂ ਦੇ ਰੂਪ ਵਿਚ ਕੀਤੀ ਜਾਵੇ ਤੇ ਬਾਕੀ ਤੱਥ ਤੇ ਗੱਲਾਂ ਇਸੇ ਤਰ੍ਹਾਂ ਕ੍ਰਮ ਨਾਲ ਪਾਠ ਵਿਚ ਆਉਣ। “ਸਰਲ” ਤੇ “ਕਠਿਨ” ਸ਼ਬਦਾਂ ਤੋਂ ਭਾਵ ਹੈ ਸਾਮਗ੍ਰੀ ਦਾ ਵਿਦਿਆਰਥੀਆਂ ਦੀ ਯੋਗਤਾ ਨੂੰ ਮੁੱਖ ਰੱਖ ਕੇ ਸਾਧਾਰਣ ਜਾਂ ਗੁੰਝਲਦਾਰ ਹੋਣਾ ਨ ਕਿ ਬਾਲਗਾਂ ਦੇ ਪੱਖ ਤੋਂ ਵਿਸ਼ੇ-ਵਸਤੂ ਦਾ ਸੌਖਾ ਜਾਂ ਔਖਾ ਹੋਣਾ। ਸਾਧਾਰਣ ਦਾ ਅਰਥ ਉਹ ਵਿਸ਼ੈ-ਵਸਤੂ ਹੈ ਜੋ ਆਰੰਭਿਕ ਜਿਹੀ ਹੋਵੇ ਤੇ ਜਿਸ ਤੋਂ ਬੱਚਾ ਪੂਰੀ ਤਰ੍ਹਾਂ ਜਾਣੂੰ ਹੋਵੇ। ਇਸ ਤੋਂ ਇਲਾਵਾ ਅਧਿਆਪਕ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਉਪ-ਵਿਸ਼ੇ ਦੇ ਉਘੇ ਪੱਖ ਨੂੰ ਹੀ ਬੱਚਿਆਂ ਸਾਮ੍ਹਣੇ ਰੱਖੇ; ਇਸ ਤੋਂ ਉਪਰੰਤ ਹੀ ਉਸ ਵਿਸ਼ੇ ਦਾ ਵੇਰਵਾ ਵਿਦਿਆਰਥੀਆਂ ਨੂੰ ਦੱਸੇ।

(3) **ਅਨਿਸ਼ਚਿਤ ਤੋਂ ਨਿਸ਼ਚਿਤ ਵੱਲ ਜਾਣਾ :** ਨਿੱਕੇ ਬੱਚਿਆਂ ਦੇ ਮੁਢਲੇ ਵਿਚਾਰ ਅਨਿਸ਼ਚਿਤ ਜਿਹੇ ਹੁੰਦੇ ਹਨ ਤੇ ਸਿੱਖਿਆ ਦਾ ਉਦੇਸ਼ ਹੈ ਉਨ੍ਹਾਂ ਨੂੰ ਨਿਸ਼ਚਿਤ ਤੇ ਪ੍ਰਤੱਖ ਬਣਾਉਣਾ। ਇਹ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਬੱਚੇ ਪਾਠ ਵਿਚ ਰੁਚੀ ਲੈਣ, ਜੇ ਉਨ੍ਹਾਂ ਦੀਆਂ ਨਿਰੀਖਣ ਸ਼ਕਤੀਆਂ ਵਿਕਸਿਤ ਹੋਣ ਤੇ ਜੇ ਉਹ ਸਿੱਖਣ ਕ੍ਰਿਆ ਵਿਚ ਵੱਧ-ਚੜ੍ਹ ਕੇ ਭਾਗ ਲੈਣ। ਚੰਗਾ ਅਧਿਆਪਨ ਉਹ ਹੈ ਜਿਸ ਵਿਚ ਪੜ੍ਹਾਇਆ ਗਿਆ ਹਰ ਇਕ ਸ਼ਬਦ ਬੱਚੇ ਦੇ ਮਨ ਵਿਚ ਤਸਵੀਰ ਵਾਂਗ ਸਥਿਰ ਹੋ ਜਾਵੇ।

(4) **ਮੂਰਤ ਤੋਂ ਅਮੂਰਤ ਵੱਲ ਜਾਣਾ :** ਬੱਚਾ ਉਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਜਾਂਦਾ ਹੈ ਜਿਹੜੀ ਕਿਸੇ ਚਿੱਤਰ ਜਾਂ ਉਦਾਹਰਣ ਰਾਹੀਂ ਪੜ੍ਹਾਈ ਜਾਵੇ। ਸਥੂਲ ਸਾਮਗਰੀ ਦੀ ਵਰਤੋਂ ਕਲਪਨਾ ਦੇ ਵਿਕਸਿਤ ਹੋਣ ਵਿਚ ਸਹਾਇਕ ਸਿੱਧ ਹੁੰਦੀ ਹੈ। ਤਿੰਨ+ਦੋ= ਪੰਜ, ਇਕ ਸੂਖ਼ਮ ਵਿਚਾਰ ਹੈ ਜਿਸ ਨੂੰ ਤਿੰਨ ਮਣਕੇ + ਦੋ ਮਣਕੇ ਵਾਲੇ ਉਦਾਹਰਣ ਨਾਲ ਸੌਖੇਰਾ ਬਣਾਇਆ ਜਾ ਸਕਦਾ ਹੈ। ਬੱਚੇ ਨੂੰ ਇਹੋ ਅਨੁਭਵ ਸੋਟੀਆਂ, ਤੀਲ੍ਹੀਆਂ ਆਦਿ ਗਿਣਵਾ ਕੇ ਕਰਵਾਇਆ ਜਾ ਸਕਦਾ ਹੈ ਕਿ 3+2, ਪੰਜ ਹੁੰਦੇ ਹਨ। ਸਥੂਲ ਵਸਤਾਂ ਦੀ ਵਰਤੋਂ ਸਦਕਾ ਸੂਖਮ ਵਿਚਾਰ ਵੀ ਬੱਚੇ ਦੀ ਸਮਝ ਵਿਚ ਆ ਜਾਂਦਾ ਹੈ।

(5) **ਵਿਸ਼ੇਸ਼ ਤੋਂ ਸਾਮਾਨਿ ਵੱਲ ਜਾਣਾ :** ਇਸ ਦਾ ਭਾਵ ਹੈ ਕਿ ਵਿਸ਼ੇਸ਼ ਕਥਨ ਜਾਂ ਤੱਥ ਬੱਚਿਆਂ ਨੂੰ ਸਾਮਾਨਿ ਨਿਯਮ ਜਾਂ ਸਿੱਧਾਂਤ ਦੱਸਣ ਤੋਂ ਪਹਿਲਾਂ ਦੱਸਣੇ ਚਾਹੀਦੇ ਹਨ। ਅਸਲ ਵਿਚ ਤਾਂ ਵਿਸ਼ੇਸ਼ ਤੱਥਾਂ ਦੇ ਅਧਿਐਨ ਤੋਂ ਬੱਚੇ ਆਪ ਹੀ ਸਾਮਾਨਿ ਨਿਯਮ ਜਾਂ ਸਾਧਾਰਣੀਕਰਨਾਂ ਬਣਾਉਣ ਤਾਂ ਚੰਗਾ ਹੈ। ਚੰਗਾ ਅਧਿਆਪਨ ਤਾਂ ਉਹ ਹੈ ਜਿਸ ਵਿਚ ਬੱਚੇ ਸਹੀ ਨਿਰੀਖਣ-ਕ੍ਰਿਆ ਰਾਹੀਂ ਆਪੇ ਹੀ ਸਹੀ ਸਾਧਾਰਣੀਕਰਨਾ ਬਣਾਉਣ ਦੇ ਯੋਗ ਹੋ ਜਾਂਦੇ ਹਨ। ਇਹ ਸਿੱਧਾਂਤ ਆਗਮਨ ਵਿਧੀ ਵਿਚ ਵੀ ਵਰਤਿਆ ਜਾਂਦਾ ਹੈ।

(6) **ਆਗਮਨ ਤੋਂ ਨਿਗਮਨ ਵਲ ਵੱਧਣਾ :** ਇਸ ਸੂਤਰ ਤੇ ਹੀ ਪੜ੍ਹਾਉਣ ਦੀ ਆਗਮਨ ਵਿਧੀ ਆਧਾਰਿਤ ਹੈ। ਪੜ੍ਹਾਉਣ ਦੇ ਆਗਮਨ ਢੰਗ ਵਿਚ ਵਿਸ਼ੇਸ਼ ਉਦਾਹਰਣਾਂ ਨਾਲ ਪਾਠ ਸ਼ੁਰੂ ਹੁੰਦਾ ਹੈ ਜਿਨ੍ਹਾਂ ਦੀ ਪ੍ਰੀਖਿਆ ਉਪਰੰਤ ਸਾਮਾਨਿ ਨਿਸਮ ਜਾਂ ਸੂਤਰ ਸਥਾਪਿਤ ਕੀਤਾ ਜਾਂਦਾ ਹੈ। ਨਿਗਮਨ ਢੰਗ ਵਿਚ ਇਸ ਦੇ ਬਿਲਕੁਲ ਉਲਟ ਅਸੀਂ ਪਰਿਭਾਸ਼ਾ ਜਾਂ ਸਾਮਾਨਿ ਸਿਧਾਂਤ ਮਿਥ ਲੈਂਦੇ ਹਾਂ ਤੇ ਫਿਰ ਇਸ ਦੀ ਵਰਤੋਂ ਵਿਸ਼ੇਸ਼ ਉਦਾਹਰਣਾਂ ਵਿਚ ਕਰਦੇ ਹਾਂ।

ਅਧਿਆਪਨ ਕ੍ਰਿਆ ਵਿਚ ਆਗਮਨ ਤੇ ਨਿਗਮਨ ਵਿਧੀਆਂ ਦੀ ਮਹੱਤਵ ਪੂਰਣ ਥਾਂ ਹੈ। ਜਦੋਂ ਬੱਚਿਆਂ ਨੂੰ ਨਵਾਂ ਨਿਯਮ ਜਾਂ ਸਿੱਧਾਂਤ ਪੜ੍ਹਾਉਣਾ ਹੋਵੇ ਤਾਂ ਆਗਮਨ ਵਿਧੀ ਦਾ ਪ੍ਰਯੋਗ ਜ਼ਰੂਰੀ ਹੁੰਦਾ ਹੈ। ਇਹ ਵਿਧੀ ਬੱਚੇ ਨੂੰ ਮਾਨਸਿਕ ਤੌਰ ਤੇ ਗਤੀਸ਼ੀਲ ਬਨਾਉਂਦੀ ਹੈ ਤੇ ਉਸ ਦੇ ਪੂਰਵ-ਗਿਆਨ ਦੀ ਪਰਖ ਕਰਦੀ ਹੈ। ਨਵਾਂ ਨਿਯਮ ਜਾਂ ਸਿੱਧਾਂਤ ਜਿਸ ਦਾ ਉਹ ਆਵਿਸ਼ਕਾਰ ਕਰਦਾ ਹੈ ਉਸ ਦੇ ਦਿਮਾਗ ਵਿਚ ਬੈਠ ਜਾਂਦਾ ਹੈ। ਇਸ ਵਿਧੀ ਸਦਕਾ ਪੜ੍ਹੇ ਨਿਯਮ ਜਲਦੀ ਨਾਲ ਭੁਲਾਏ ਨਹੀਂ ਜਾ ਸਕਦੇ। ਨਿਗਮਨ ਵਿਧੀ ਆਗਮਨ ਵਿਧੀ ਦਾ ਚੰਗਾ ਪੂਰਕ ਹੈ। ਗਣਿਤ ਅਤੇ ਹੋਰਨਾਂ ਵਿਸ਼ਿਆਂ ਦਾ ਬਹੁਤ ਸਾਰਾ ਕੰਮ ਵਿਦਿਆਰਥੀ ਨੂੰ ਇਸੇ ਵਿਧੀ ਦੀ ਵਰਤੋਂ ਨਾਲ ਕਰਨਾ ਪੈਂਦਾ ਹੈ। ਸਮੱਸਿਆਵਾਂ ਹੱਲ ਕਰਨ ਲਈ ਫਾਰਮੂਲਿਆਂ ਦੇ ਸਿਧਾਂਤਾਂ ਦੀ ਵਰਤੋਂ ਜਿਨ੍ਹਾਂ ਨੂੰ ਉਸ ਦੇ ਆਗਮਨ ਵਿਧੀ ਨਾਲ ਸਿੱਖਿਆ ਹੁੰਦਾ ਹੈ ਇਸੇ ਢੰਗ ਨਾਲ ਵਿਦਿਆਰਥੀ ਨੂੰ ਕਰਨੀ ਪੈਂਦੀ ਹੈ। ਵਾਸਤਵ ਵਿਚ ਆਗਮਨ ਵਿਧੀ ਨਾਲ ਪੜ੍ਹਾਏ ਗਏ ਹਰ ਪਾਠ ਦਾ ਅੰਤਲਾ ਭਾਗ ਨਿਗਮਨ ਵਿਧੀ ਨਾਲ ਪੜ੍ਹਾਇਆ ਜਾਂਦਾ ਹੈ।

(7) **ਮਨੋਵਿਗਿਆਨਕ ਢੰਗ ਵਰਤਣਾ :** ਅਧਿਆਪਕ ਦਾ ਕੰਮ ਦੋ ਪ੍ਰਕਾਰ ਦਾ ਹੈ : ਪਹਿਲੇ ਨੰਬਰ ਤੇ ਉਸ ਨੂੰ ਵਿਸ਼ੈ-ਵਸਤੂ ਨੂੰ ਕ੍ਰਮ ਜਾਂ ਤਰਤੀਬ ਦੇਣੀ ਪੈਂਦੀ ਹੈ ਤਾਂ ਜੋ ਬੱਚਿਆਂ ਨੂੰ ਜਾਣਕਾਰੀ ਪ੍ਰਭਾਵਸ਼ਾਲੀ ਢੰਗ ਨਾਲ ਦਿੱਤੀ ਜਾ ਸਕੇ ਤੇ ਦੂਜੇ ਨੰਬਰ ਤੇ ਉਸ ਨੂੰ ਬੱਚੇ ਦੀ ਪ੍ਰਕ੍ਰਿਤੀ ਵੀ ਸਮਝਣੀ ਪੈਂਦੀ ਹੈ। ਅਧਿਆਪਕ ਨੂੰ ਇਹ ਦੋਵੇਂ ਕ੍ਰਿਆਵਾਂ ਇਸ ਤਰ੍ਹਾਂ ਜੋੜਨੀਆਂ ਪੈਂਦੀਆਂ ਹਨ ਕਿ ਬੱਚਾ ਜਲਦੀ ਤੇ ਸਰਲਤਾ ਨਾਲ ਸਿੱਖ ਲਵੇ।

ਸਾਨੂੰ ਬੱਚੇ ਦੀ ਜਿਗਿਆਸਾ, ਮੁਕਾਬਲੇ ਦੀ ਚਾਹ, ਸ੍ਵ-ਗਹਿਤਾ ਤੇ ਸਿੱਖਣ ਕ੍ਰਿਆ ਵਿਚਲੀਆਂ ਹੋਰਨਾ ਪ੍ਰਵਿਰਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

### 1.1.7 ਅਧਿਆਪਨ-ਸਿੱਖਣ ਪ੍ਰਕਿਰਿਆ ਦੀ ਮਹੱਤਤਾ (Importance of Teaching-learning process)

ਅਧਿਆਪਨ ਸਿੱਖਣ ਪ੍ਰਕਿਰਿਆ ਬਾਰੇ ਗਿਆਨ ਸੇਵਾ ਵਿਚ ਅਤੇ ਪੂਰਵ ਸੇਵਾ ਅਧਿਆਪਕਾਂ ਦੋਹਾਂ ਲਈ ਬੜਾ ਮਹੱਤਵਪੂਰਣ ਹੈ। ਪਾਠ ਯੋਜਨਾਵਾਂ ਸਮੇਂ ਉਸ ਨੂੰ ਇਸ ਦੀ ਲੋੜ ਪੈਂਦੀ ਹੈ। ਇਕ ਸੇਵਾ ਵਿਚ ਅਧਿਆਪਕ ਅਧਿਆਪਨ ਕਿਰਿਆਵਾਂ ਨੂੰ ਯੋਜਨਾਬੱਧ ਕਰਦਾ ਹੈ ਜੋ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿਚ ਮਦਦ ਕਰਨਗੀਆਂ ਅਤੇ ਅਜਿਹਾ ਉਚਿਤ ਹਾਲਤਾਂ ਨੂੰ ਪੈਦਾ ਕਰਨ ਰਾਹੀਂ ਹੀ ਸੰਭਵ ਹੁੰਦਾ ਹੈ। ਅਧਿਆਪਕ ਅਤੇ ਸਿੱਖਿਆ ਸ਼ਾਸਤਰੀ ਆਪਣੇ ਸਿਖਿਆਰਥੀ-ਵਿਚਕਾਰ ਅਧਿਆਪਨ ਦੇ ਹੁਨਰ ਦਾ ਵਿਕਾਸ ਕਰਨ ਲਈ ਇਸ ਸੰਕਲਪ ਦਾ ਇਸਤੇਮਾਲ ਕਰ ਸਕਦੇ ਹਨ।

ਵਿਦਿਆਰਥੀ ਨੂੰ ਪ੍ਰੇਰਿਤ ਕਰਨ ਨਾਲ ਸਿੱਖਣ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਅਜਿਹਾ ਤਾਂ ਹੀ ਸੰਭਵ ਹੁੰਦਾ ਹੈ ਜਦੋਂ ਅਧਿਆਪਕ ਆਪਣੇ ਵਿਸ਼ਿਆਂ ਤੇ ਵਿਦਿਆਰਥੀ ਪ੍ਰਤੀ ਪੂਰੀ ਤਰ੍ਹਾਂ ਰੁਚੀ ਲਵੇ। ਵਿਦਿਆਰਥੀ ਦੀ ਯਾਦ ਸ਼ਕਤੀ ਨੂੰ ਸਿੱਖਣ ਦੀਆਂ ਭਿੰਨ ਭਿੰਨ ਵਿਧੀਆਂ ਰਾਹੀਂ ਸੁਧਾਰਿਆ ਜਾ ਸਕਦਾ ਹੈ, ਜਿਵੇਂ ਅੰਸ਼ਿਕ ਬਨਾਮ ਸਮੁੱਚਾ ਸਿੱਖਣ ਆਦਿ। ਇੰਜ ਹੀ ਅਨੁਭਵ ਦੇ ਸਮਾਨੀਕਰਨ ਦੇ ਸਿਧਾਂਤ ਦਾ ਇਸਤੇਮਾਲ ਕਰਨ ਰਾਹੀਂ ਸਿੱਖਣ ਦੀ ਤਬਦੀਲੀ ਨੂੰ ਸੁਧਾਰਿਆ ਜਾ ਸਕਦਾ ਹੈ। ਸਿਖਿਆਰਥੀ ਦੇ ਬੋਧਿਕ ਸੰਗਠਨ ਅਤੇ ਉਸ ਪ੍ਰੇਖਣ ਵਿਚ ਸੁਧਾਰ ਕਰਦੇ ਹੋਏ ਇਸ ਵਿਚ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਵਿਕਾਸ ਕੀਤਾ ਜਾ ਸਕਦਾ ਹੈ।

## 1.8 ਸਿੱਟਾ (Conclusion)

ਅਧਿਆਪਨ ਸਿੱਖਣ ਪ੍ਰਕ੍ਰਿਆ ਵਿਦਿਅਕ ਪ੍ਰਕਿਰਿਆ ਦਾ ਇਕ ਮਹੱਤਵਪੂਰਨ ਅੰਗ ਹੈ। ਅਧਿਆਪਨ ਤੇ ਸਿੱਖਣਾ ਦੋਵੇਂ ਆਪਸ ਵਿਚ ਸੰਬੰਧਿਤ ਹਨ। ਅਧਿਆਪਨ, ਅਧਿਆਪਕ, ਸਿਖਿਆਰਥੀ ਅਤੇ ਵਿਸ਼ੇ ਤਿੰਨਾਂ ਵਿਚਕਾਰ ਇਕ ਸੁਰ ਸੰਬੰਧ ਸਥਾਪਤ ਕਰਦਾ ਹੈ। ਇਹ ਲਾਹੇਵੰਦ ਸੂਚਨਾ ਦਿੰਦਾ ਹੈ। ਇਹ ਬੱਚੇ ਨੂੰ ਸਿਖਾਉਣ ਦਾ ਕਾਰਨ ਬਣਦਾ ਹੈ। ਇਹ ਸਿੱਖਣ ਲਈ ਉੱਤੇਜਨਾ ਅਤੇ ਦਿਸ਼ਾ ਪ੍ਰਦਾਨ ਕਰਦਾ ਹੈ। ਇਹ ਪ੍ਰਭਾਵਸ਼ਾਲੀ ਅਨੁਕੂਲਤਾ ਬਣਾਉਣ ਵਿਚ ਬੱਚੇ ਦੀ ਮਦਦ ਕਰਦਾ ਹੈ। ਇਹ ਸਿਖਿਆਰਥੀ ਦੀ ਕਿਰਿਆ ਦੀ ਅਗਵਾਈ ਕਰਦਾ ਹੈ ਅਤੇ ਉਸ ਦੇ ਸੰਵੇਗਾਂ ਦੀ ਸਿਖਲਾਈ ਹੁੰਦਾ ਹੈ। ਸਿੱਖਣਾ ਇਕ ਪੇਚੀਦਾ ਪ੍ਰਕਿਰਿਆ ਹੈ। ਇਹ ਵਿਵਹਾਰ ਦੀ ਤਬਦੀਲੀ ਹੁੰਦੀ ਹੈ। ਇਹ ਵਾਤਾਵਰਣ ਪ੍ਰਤੀ ਅਨੁਕੂਲਤਾ ਹੈ। ਨਵੇਂ ਅਨੁਭਵ ਦੀ ਪ੍ਰਾਪਤੀ ਇਸ

ਵਿਚ ਸ਼ਾਮਿਲ ਹੁੰਦੀ ਹੈ। ਇਹ ਗਿਆਨ, ਹੁਨਰ ਅਤੇ ਰਵੱਈਏ ਦਾ ਵਿਕਾਸ ਹੈ। ਅਧਿਆਪਨ ਸਿਧਾਂਤ, ਸਿੱਖਣ ਸਿਧਾਂਤਾਂ ਅਤੇ ਕਾਰਕਾਂ ਉਪਰ ਆਧਾਰਿਤ ਹੁੰਦੇ ਹਨ।

ਚੰਗੇ ਅਧਿਆਪਨ ਵਿਚ ਸਿੱਖਣ ਦੀ ਅਗਵਾਈ ਦੇ ਹੁਨਰ ਸ਼ਾਮਲ ਹੁੰਦੇ ਹਨ। ਚੰਗਾ ਅਧਿਆਪਨ ਦਿਆਲੂ ਤੇ ਹਮਦਰਦੀ ਭਰਿਆ ਹੁੰਦਾ ਹੈ। ਇਹ ਚੰਗੀ ਤਰ੍ਹਾਂ ਯੋਜਨਾਬੱਧ ਹੁੰਦਾ ਹੈ। ਇਹ ਸਹਿਯੋਗੀ ਅਤੇ ਤਜਵੀਜ਼ ਕਰਨ ਵਾਲਾ ਹੁੰਦਾ ਹੈ। ਚੰਗਾ ਅਧਿਆਪਨ ਲੋਕਤੰਤਰਿਕ, ਪ੍ਰਗਤੀਸ਼ੀਲ ਅਤੇ ਉਤੇਜਨਾ ਪੂਰਨ ਹੁੰਦਾ ਹੈ। ਇਹ ਬੱਚੇ ਦੇ ਪੂਰਵ ਅਨੁਭਵਾਂ ਨੂੰ ਧਿਆਨ ਵਿਚ ਰੱਖਦਾ ਹੈ। ਇਹ ਅਕਾਦਮਿਕ ਮੁਸ਼ਕਲਾਂ ਦੀ ਪਹਿਚਾਣ ਰੱਖ ਕੇ ਉਹਨਾਂ ਦਾ ਇਲਾਜ ਕਰਦਾ ਹੈ। ਇਹ ਸਿਖਿਆਰਥੀ ਨੂੰ ਕਠੋਰ ਅਧਿਆਪਨ ਤੋਂ ਮੁਕਤ ਕਰਦਾ ਹੈ। ਬਰਟਨ ਨੇ ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ ਅਤੇ ਅਧਿਆਪਨ ਸਿਧਾਂਤਾਂ ਦੀ ਸੂਚੀ ਦਿੱਤੀ ਹੈ ਜਿਹੜੀ ਹਿਲਗਰਡ ਅਤੇ ਮੈਕਕੋਨੈਲ ਦੁਆਰਾ ਦਿੱਤੇ ਗਏ ਸਿੱਖਣ ਸਿਧਾਂਤਾ ਉਪਰ ਆਧਾਰਿਤ ਹੈ।

### 1.1.9 ਸੁਝਾਏ ਗਏ ਪ੍ਰਸ਼ਨ (Suggested Questions)

(1) 'ਅਧਿਆਪਨ ਸਿੱਖਣ ਦੀ ਉਤੇਜਨਾ, ਅਗਵਾਈ, ਦਿਸ਼ਾ ਅਤੇ ਉਤਸਾਹ ਹੁੰਦਾ ਹੈ', ਚਰਚਾ ਕਰੋ।

(2) ਅਧਿਆਪਨ ਅਤੇ ਸਿੱਖਣ ਦੀ ਜੀਵਨ ਦੀਆਂ ਕੁਦਰਤੀ ਅਤੇ ਸਾਧਾਰਨ ਕਿਰਿਆਵਾਂ ਦੇ ਤੌਰ ਤੇ ਚਰਚਾ ਕਰੋ।

(3) ਅਧਿਆਪਨ ਦਾ ਅਧਿਐਨ ਏਨਾ ਮਹੱਤਵਪੂਰਨ ਅਤੇ ਜ਼ਰੂਰੀ ਕਿਉਂ ਹੈ ? ਵਿਆਖਿਆ ਕਰੋ।

(4) ਚੰਗੇ ਅਧਿਆਪਨ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਹਨ? ਢੁੱਕਵੀਆਂ ਉਦਾਹਰਣਾਂ ਸਹਿਤ ਚਰਚਾ ਕਰੋ।

(5) ਇਕ ਅਧਿਆਪਕ ਲਈ ਸਿੱਖਣ ਦੇ ਸੁਝਾਅ ਦੀ ਸੂਝ ਏਨੀ ਮਹੱਤਤਾ ਵਾਲੀ ਕਿਉਂ ਹੈ ? ਚਰਚਾ ਕਰੋ।

### 1.1.10 ਸੁਝਾਈ ਪੁਸਤਕ ਸੂਚੀ (Suggested Readings)


1. ਭਾਟੀਆ ਐਂਡ ਭਾਟੀਆ, ਬੀ.ਡੀ. : ਦ ਪ੍ਰਿੰਸੀਪਲਜ਼ ਐਂਡ ਮੈਥਿੱਡਜ਼ ਆਫ ਟੀਚਿੰਗ, ਦੇਹਲੀ, ਦੋਆਬਾ ਹਾਊਸ, ਚੈਪਟਰ ਚੌਥਾ, ਪੇਜ਼ 38–47
2. ਚੌਹਾਨ, ਐਸ.ਐਸ. : ਇਨੋਵੇਸ਼ਨਜ਼ ਇਨ ਟੀਚਿੰਗ–ਲਰਨਿੰਗ ਪ੍ਰੋਸੈਸ, ਨਿਊ ਦੇਹਲੀ, ਵਿਕਾਸ ਪਬਲੀਕੇਸ਼ਨਜ਼ ਹਾਊਸ, ਪ੍ਰਾਈਵੇਟ ਲਿਮਟਿਡ, 1981, ਚੈਪਟਰ–1, ਪੇਜ 1–8।
3. ਰੈਥਸ, ਜੇਮਜ਼ ਏਟ.ਅਲ. (ਐਡੀਟਿਡ) : ਸਟੱਡੀਅੰਗ ਟੀਚਿੰਗ (ਸੈਕਿੰਡ ਐਡੀਸ਼ਨ) ਨਿਊਯਾਰਕ, ਪ੍ਰਿੰਟਾਈਸ ਹਾਲ, ਈਗਲਵੁੱਡ ਕਲਿੱਫ, 1971.
4. ਸੰਪਥ, ਏ. ਅਲ. : ਇਨਟਰੋਡਕਸ਼ਨ ਟੂ ਐਜੂਕੇਸ਼ਨਲ ਟੈਕਨਾਲੋਜੀ, ਨਿਊ ਦੇਹਲੀ, ਸਟੂਲਿੰਗ ਪਬਲੀਕੇਸ਼ਨ ਪਰਾਈਵੇਟ ਲਿਮਟਿਡ, 1981, ਚੈਪਟਰ 1 ਅਤੇ 2, ਪੇਜ 1–28.
5. ਸ਼ਰਮਾ, ਆਰ.ਏ. : ਟੈਕਨਾਲੋਜੀ ਆਫ ਟੀਚਿੰਗ, ਮੇਰਠ, ਲਾਇਲ ਬੁੱਕ ਡੀਪੂ, 1981, ਚੈਪਟਰ ਪੰਜਵਾਂ, ਪੇਜ 87–104.
6. ਵੁਡਰਫ ਏ.ਡੀ. : ਬੇਸਿਕ ਕਾਨਸੈਪਟਸ ਟੂ ਟੀਚਿੰਗ, ਸਾਨ ਫਰਾਂਸਿਸਕੋ, ਚੰਦਰ ਪਬਲੀਕੇਸ਼ਨ ਕੰਪਨੀ, 1961.
7. ਯੋਕਮ, ਜੀ.ਏ. ਅਤੇ ਸਿੰਪਸਨ, ਆਰ.ਜੀ. : ਮਾਡਰਨ ਮੈਥਿੱਡਜ਼ ਐਂਡ ਟੈਕਨੀਕਸ ਆਫ ਟੀਚਿੰਗ, ਨਿਊਯਾਰਕ, ਦ ਮੈਕਮਿਲਨ ਕੰਪਨੀ, 1957, ਚੈਪਟਰ 1, ਪੇਜ਼ 3–33.
8. ਕੇ.ਪੀ. ਪਾਂਡੇ : 'ਪ੍ਰੋਗਰਾਮਡ ਲਰਨਿੰਗ', 1984
9. ਰੁਹੇਲਾ, ਐਸ.ਪੀ. : ਐਜੂਕੇਸ਼ਨਲ ਟੈਕਨਾਲੋਜੀ, ਏ ਸਿਸਟੇਮੈਟਿਕ ਬੁੱਕ, ਐਸੋਸੀਏਟਿਡ

ਪਾਠ ਨੰ: 1.2 ਭਾਗ-ੳ

## ਸਿੱਖਣਾ- ਸਿੱਖਣ ਦਾ ਸੰਕਲਪ, ਕਿਰਿਆ, ਅਧਿਆਪਨ-ਸਿੱਖਣ ਪ੍ਰਕ੍ਰਿਆ ਦਾ ਸਰੂਪ ਅਤੇ ਸੰਕੇਤ ਭਾਵ ਅਤੇ ਅਧਿਆਪਨ ਸਿੱਖਣ ਦਾ ਆਪਸੀ ਸੰਬੰਧ

ਬਣਤਰ

2.1.1 ਉਦੇਸ਼
2.1.2 ਭੂਮਿਕਾ
2.1.3 ਸਿੱਖਣ ਦਾ ਸੰਕਲਪ
  2.1.3.1 ਸਿੱਖਣ ਦਾ ਅਰਥ ਅਤੇ ਪਰਿਭਾਸ਼ਾਵਾਂ
  2.1.3.2 ਸਿੱਖਣ ਦਾ ਸਰੂਪ
  2.1.3.3 ਸਿੱਖਣ ਦੀਆਂ ਪਰਿਭਾਸ਼ਾਵਾਂ
  2.1.3.4 ਸਿੱਖਣ ਦੀਆਂ ਵਿਸ਼ੇਸ਼ਤਾਵਾਂ
  2.1.3.5 ਸਿੱਖਣ ਦੇ ਪ੍ਰਕਾਰ
2.1.4 ਸਿੱਖਣ ਪ੍ਰਕਿਰਿਆ
2.1.5 ਅਧਿਆਪਨ
2.1.6 ਅਧਿਆਪਨ ਸਿੱਖਣ ਪ੍ਰਕ੍ਰਿਆ ਦਾ ਸਰੂਪ ਅਤੇ ਸੰਕੇਤ ਭਾਵ
2.1.7 ਅਧਿਆਪਨ ਅਤੇ ਸਿੱਖਣ ਦਾ ਆਪਸੀ ਸਬੰਧ
2.1.8 ਸਾਰਾਂਸ਼
2.1.9 ਮੁੱਖ ਸੰਕਲਪ
2.1.10 ਸੁਝਾਏ ਪ੍ਰਸ਼ਨ
2.1.11 ਸੁਝਾਈ ਪੁਸਤਕ ਸੂਚੀ
2.1.12 ਸਵੈ ਮੁਲਾਂਕਣ ਅਭਿਆਸ

### 2.1.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ

1. ਸਿੱਖਣ ਦੇ ਸੰਕਲਪ ਨੂੰ ਸਮਝਣਗੇ।
2.1. ਸਿੱਖਣ ਦੀਆਂ ਵਿਸ਼ੇਸ਼ਤਾਵਾਂ ਨੂੰ ਸੂਚੀਬਧ ਕਰ ਸਕਣਗੇ ਅਤੇ ਵਿਆਖਿਆ ਕਰਨ ਦੇ ਯੋਗ ਹੋ ਜਾਣਗੇ।
3. ਸਿੱਖਣ ਪ੍ਰਕਿਰਿਆ ਦੀ ਵਿਆਖਿਆ ਕਰ ਸਕਣਗੇ।
4. ਅਧਿਆਪਨ ਅਤੇ ਸਿੱਖਣ ਦੇ ਆਪਸੀ ਸਬੰਧ ਨੂੰ ਸਮਝਣ ਦੇ ਯੋਗ ਹੋਣਗੇ।

### 2.1.2 ਭੂਮਿਕਾ :

ਅਧਿਆਪਨ ਅਤੇ ਸਿੱਖਣ ਅੰਤਰ-ਸੰਬੰਧਿਤ ਨੇ। ਸਿੱਖਿਆ ਦੇ ਵਿਸ਼ਾਲ ਅਤੇ ਪੇਚੀਦਾ ਸਿਸਟਮ ਵਿਚ ਪੜ੍ਹਾਉਣਾ ਅਤੇ ਸਿੱਖਣਾ ਬਹੁਤ ਹੀ ਵਡਮੁੱਲਾ ਸਥਾਨ ਰੱਖਦੇ ਹਨ। ਅਧਿਆਪਕ ਨੂੰ ਵਿਸ਼ੇ ਦੇ ਗਿਆਨ ਤੋਂ ਇਲਾਵਾ

ਪੜ੍ਹਾਉਣ ਦੀ ਕਲਾ (Art of teaching) ਦਾ ਵੀ ਗਿਆਨ ਹੋਣਾ ਚਾਹੀਦਾ ਹੈ। ਅਧਿਆਪਕ ਜਮਾਤ ਵਿਚ ਇਹੋ ਜਿਹਾ ਵੱਖ-ਵੱਖ ਕਿਰਿਆਵਾਂ ਕਰਦਾ ਹੈ ਜਿਸ ਰਾਹੀਂ ਵਿਦਿਆਰਥੀਆਂ ਵਿਚ ਸਿੱਖਣ ਦਾ ਵਿਕਾਸ ਹੋ ਸਕੇ। ਅਧਿਆਪਨ ਅਧਿਆਪਕ ਦਾ ਉਹ ਕਾਰਜ ਹੈ ਜਿਸ ਦੇ ਦੁਆਰਾ ਉਹ ਬੱਚਿਆਂ ਦਾ ਵਿਕਾਸ ਕਰਦਾ ਹੈ। ਅਧਿਆਪਨ ਦਾ ਅਰਥ ਹੈ ਸਿੱਖਣ ਲਈ ਹੱਲਾਸ਼ੇਰੀ ਦੇਣਾ, ਉਤੇਜਨਾ ਪੈਦਾ ਕਰਨਾ, ਸਿੱਖਣ ਦੀ ਤਮੰਨਾ, ਉਮੰਗ ਅਤੇ ਲਾਲਸਾ ਪੈਦਾ ਕਰਨਾ/ਜਿਗਿਆਸਾ ਦਾ ਵਿਕਾਸ ਕਰਨਾ। ਸਿੱਖਣਾ ਮਨੋਵਿਗਿਆਨ ਦਾ ਇਕ ਮੁੱਖ ਸੰਕਲਪ ਹੈ। ਇਹ ਇਕ ਮੁੱਖ ਪ੍ਰਕਿਰਿਆ ਹੈ ਜਿਹੜੀ ਕਿ ਬੱਚੇ ਦੇ ਵਾਧੇ ਅਤੇ ਵਿਕਾਸ ਲਈ ਜ਼ਿੰਮੇਵਾਰ ਹੈ। ਇਹ ਇਕ ਗੁੰਝਲਦਾਰ ਪ੍ਰਕ੍ਰਿਆ ਹੈ ਜਿਸ ਨੂੰ ਸਮਝਣਾ ਇਕ ਅਧਿਆਪਕ ਲਈ ਬਹੁਤ ਜ਼ਰੂਰੀ ਹੈ। ਇਸ ਪਾਠ ਵਿਚ ਅਸੀਂ ਸਿੱਖਣ ਦੇ ਸੰਕਲਪ, ਇਸ ਦੀਆਂ ਵਿਸ਼ੇਸ਼ਤਾਵਾਂ, ਸਿੱਖਣ ਪ੍ਰਕ੍ਰਿਆ, ਅਧਿਆਪਨ ਦੇ ਸਿਧਾਂਤ ਅਤੇ ਸੂਤਰ ਅਤੇ ਅਧਿਆਪਨ ਅਤੇ ਸਿੱਖਣ ਦੇ ਆਪਸੀ ਸਬੰਧ ਵਾਰੇ ਚਰਚਾ ਕਰਾਂਗੇ।

2.1.3 **ਸਿੱਖਣ ਦਾ ਸੰਕਲਪ :**

ਮਨੁੱਖ ਇਕ ਵਿਵੇਕਸ਼ੀਲ ਪ੍ਰਾਣੀ ਹੈ। ਇਸ ਦੀ ਤਰਕਸ਼ਕਤੀ ਇਸ ਨੂੰ ਚੀਜ਼ਾਂ ਨੂੰ ਛੇਤੀ ਸਿੱਖਣ ਵਿਚ ਮਦਦ ਕਰਦੀ ਹੈ। ਕਿਸੇ ਵਿਅਕਤੀ ਦਾ ਵਿਵਹਾਰ ਦੇਖਣ ਵਿਚ ਸਿੱਖਣ ਦੀ ਵਿਸ਼ੇਸ਼ ਮਹੱਤਤਾ ਹੈ। ਸਿੱਖਿਆ ਦੇ ਖੇਤਰ ਵਿਚ ਸਿੱਖਣ ਦਾ ਇਕ ਅਹਿਮ ਸਥਾਨ ਹੈ। ਸਿੱਖਣ ਦੁਆਰਾ ਹੀ ਵਿਅਕਤੀ ਦੀ ਪ੍ਰਵਿਰਤੀਆਂ ਵਿਚ ਕੁਝ ਇਹੋ ਜਿਹੇ ਬਦਲਾਅ ਆਉਂਦੇ ਹਨ ਕਿ ਉਨ੍ਹਾਂ ਨੂੰ ਪਛਾਣਨਾ ਬਹੁਤ ਹੀ ਕਠਿਨ ਹੋ ਜਾਂਦਾ ਹੈ। ਜਦੋਂ ਤਕ ਅਸੀਂ ਸਿੱਖਣ ਦੇ ਸਰੂਪ ਅਤੇ ਵਿਧੀਆਂ ਤੋਂ ਜਾਣੂ ਨਹੀਂ ਹੁੰਦੇ ਉਦੋਂ ਤਕ ਅਸੀਂ ਇਸ ਯੋਗ ਨਹੀਂ ਹੋ ਸਕਦੇ ਕਿ ਅਸੀਂ ਬੱਚਿਆਂ ਨੂੰ ਉੱਚਿਤ ਸਿੱਖਿਆ ਦੇ ਸਕੀਏ।

ਸਿੱਖਣ ਦਾ ਅਰਥ ਹੈ, ਅਨੁਭਵ ਦੁਆਰਾ ਗਿਆਨ ਗ੍ਰਹਿਣ/ਅਰਜਿਤ ਕਰਨਾ। ਜਿਸ ਵਿਚ ਅਨੁਭਵ ਦਾ ਅਰਥ ਹੈ ਸੰਵੇਦਾਂ ਦੁਆਰਾ ਸਿਖਣਾ। ਸਿੱਖਣ ਦਾ ਅਰਥ ਹੈ ਨਵੇਂ ਅਨੁਭਵ ਧਾਰਨ ਕਰਨਾ, ਕ੍ਰਮਵਾਰ ਉਨ੍ਹਾਂ ਅਨੁਭਵਾਂ ਦਾ ਵਿਕਾਸ ਕਰਨ। ਅਨੁਭਵਾਂ ਦਾ ਸੁਧਾਰ ਕਰਨਾ ਅਤੇ ਨਵੇਂ ਅਨੁਭਵਾਂ ਦੀ ਰਚਨਾ ਕਰਨਾ, ਅਤੇ ਨਵੇਂ ਅਨੁਭਵਾਂ ਦਾ ਸੰਗਠਨ, ਸੰਯੋਗ ਅਤੇ ਏਕੀਕਰਨ ਕਰਨਾ ਹੀ ਸਿੱਖਣਾ ਹੈ।

2.1.3.1 **ਸਿੱਖਣ ਦਾ ਅਰਥ :**

ਵੱਖ-ਵੱਖ ਮਨੋਵਿਗਿਆਨੀਆਂ ਨੇ ਸਿੱਖਣ ਨੂੰ ਪਰਿਭਾਸ਼ਿਤ ਕਰਨ ਦੇ ਵੱਖ-ਵੱਖ ਯਤਨ ਕੀਤੇ ਹਨ। ਸਿੱਖਣ ਨੂੰ ਪਰਿਵਰਤਨ, ਸੁਧਾਰ, ਵਿਕਾਸ, ਉਨਤੀ ਅਤੇ ਸਮਾਯੋਜਨ ਦੇ ਬਰਾਬਰ ਜਾਣਿਆ ਜਾਂਦਾ ਹੈ।

ਸਕਿੱਨਰ ਦੇ ਅਨੁਸਾਰ - ਸਿੱਖਣ ਵਿਚ ਪ੍ਰਾਪਤ ਕਰਨ ਅਤੇ ਧਾਰਨ ਕਰਨ ਦੀ ਸ਼ਕਤੀ ਹੁੰਦੀ ਹੈ।

ਹਿਲਗਾਰਡ ਦੇ ਅਨੁਸਾਰ - ਸਿੱਖਣਾ ਉਹ ਪ੍ਰਕ੍ਰਿਆ ਹੈ, ਜਿਹੜੀ ਕਾਰਜ ਨੂੰ ਉਤਪੰਨ ਕਰਦੀ ਹੈ ਅਤੇ ਸਿਖਲਾਈ ਰਾਹੀਂ ਪਰਿਵਰਤਿਤ ਹੁੰਦੀ ਹੈ।

ਗੇਟਸ ਦੇ ਵਿਚਾਰ ਅਨੁਸਾਰ - ਅਨੁਭਵ ਅਤੇ ਸਿਖਲਾਈ ਰਾਹੀਂ ਵਿਵਹਾਰ ਵਿਚ ਸੋਧ ਕਰਨ ਨੂੰ ਸਿੱਖਣਾ ਕਹਿੰਦੇ ਹਨ।

ਬਰਨਹਾਰਟ ਦੇ ਸ਼ਬਦਾਂ ਵਿਚ, - ਸਿੱਖਣਾ ਇਕ ਸਥਿਤੀ ਵਿਚ ਇਕ ਵਿਅਕਤੀ ਦੀਆਂ ਕ੍ਰਿਆਵਾਂ ਦਾ ਸਥਾਈ ਸੁਧਾਰ ਹੈ, ਜਿਹੜਾ ਕੁਝ ਟੀਚੇ ਪ੍ਰਾਪਤ ਕਰਨ ਜਾਂ ਕੁਝ ਸਮਸਿਆਵਾਂ ਨੂੰ ਸਮਾਧਾਨ ਕਰਨ ਦੇ ਯਤਨ ਵਿਚ ਅਭਿਆਸ ਰਾਹੀਂ ਹੁੰਦਾ ਹੈ।

ਉੱਪਰ ਦਿੱਤੀਆਂ ਸਾਰੀਆਂ ਪਰਿਭਾਸ਼ਾਵਾਂ ਤੋਂ ਸਿੱਧ ਹੁੰਦਾ ਹੈ ਕਿ ਸਿੱਖਣਾ ਇਕ ਗੁੰਝਲਦਾਰ ਪ੍ਰਕ੍ਰਿਆ ਹੈ। ਇਹ ਅਨੁਭਵਾਂ ਦੇ ਸਿੱਟੇ ਵਜੋਂ ਵਿਵਹਾਰ ਵਿਚ ਪਰਿਵਰਤਨਾਂ ਨੂੰ ਗ੍ਰਹਿਣ ਕਰਨਾ ਹੈ।

ਹੇਠਾਂ ਕੁਝ ਸੰਕਲਪਾਂ ਬਾਰੇ ਚਰਚਾ ਕੀਤੀ ਜਾ ਰਹੀ ਹੈ ਜਿਹੜੇ ਕਿ ਕਈ ਵਾਰ ਸਿੱਖਣ ਦੇ ਅਰਥ :

1. **ਸਿੱਖਣਾ ਅਤੇ ਪਰਿਪੱਕਤਾ :** ਸਿੱਖਣ ਅਤੇ ਪਰਿਪੱਕਤਾ ਦੇ ਆਪਸ ਵਿਚ ਬਹੁਤ ਸਬੰਧ ਹਨ। ਦੋਵੇਂ ਹੀ ਵਿਅਕਤੀ ਦੇ ਵਿਕਾਸ ਵਿਚ ਸਹਾਇਤਾ ਕਰਦੇ ਹਨ। ਸਿੱਖਣ ਲਈ ਪਰਿਪੱਕ ਹੈ ਤਾਂ ਉਹ ਉਸਨੂੰ ਪ੍ਰਭਾਵਸ਼ਾਲੀ ਢੰਗ

ਨਾਲ ਸਿੱਖ ਸਕਦਾ ਹੈ। ਜੇ ਵਿਅਕਤੀ ਪਰਿਪੱਕ ਨਹੀਂ ਤਾਂ ਸਿੱਖਣ ਪ੍ਰਭਾਵਸ਼ਾਲੀ ਨਹੀਂ ਹੋਵੇਗਾ।

2. **ਥਕਾਨ ਅਤੇ ਸਿਖਣਾ :** ਸਰੀਰਕ ਅਤੇ ਮਾਨਸਿਕ ਥਕਾਵਟ ਮਾਨਸਿਕ ਅਕੇਵਾਂ ਪੈਦਾ ਕਰਦੇ ਹਨ। ਜਿਸ ਕਰਕੇ ਵਿਅਕਤੀ ਦੇ ਵਿਵਹਾਰ ਵਿਚ ਕੁਝ ਅਸਥਾਈ ਤਬਦੀਲੀ ਆ ਜਾਂਦੀ ਹੈ, ਜਿਵੇਂ ਕਿ ਚਿੜਚਿੜਾਪਨ ਆਦਿ। ਇਹ ਸਭ ਅਸਥਾਈ ਵਿਵਹਾਰ ਹੈ ਅਤੇ ਥਕਾਵਟ ਦੂਰ ਹੁੰਦੇ ਹੀ ਠੀਕ ਹੋ ਜਾਂਦਾ ਹੈ। ਇਸ ਲਈ ਥਕਾਵਟ ਕਰਕੇ ਆਈ ਵਿਵਹਾਰ ਵਿਚ ਤਬਦੀਲੀ ਸਥਾਈ ਨਹੀਂ ਹੁੰਦੀ। ਜਦਕਿ ਸਿੱਖਣਾ ਵਿਵਹਾਰ ਵਿਚ ਸਥਾਈ ਤਬਦੀਲੀ ਲੈ ਕੇ ਆਉਂਦਾ ਹੈ।

3. **ਸਿੱਖਣਾ ਅਤੇ ਜਮਾਂਦਰੂ ਗੁਣ (Instincts) :** ਕਿਸੇ ਵੀ ਪ੍ਰਾਣੀ ਵਿਚ ਕੁਝ ਜਮਾਂਦਰੂ ਗੁਣ ਹੁੰਦੇ ਹਨ ਜਿਹੜੇ ਕਿ ਸਿੱਖਣ ਦੇ ਨਤੀਜੇ ਵਜੋਂ ਨਹੀਂ ਹੁੰਦੇ ਜਿਵੇਂ ਕਿ ਰੋਸ਼ਨੀ ਵਿਚ ਅੱਖਾਂ ਝਪਕਣਾਂ, ਸਾਡੇ ਦਿਲ ਦੀ ਧੜਕਨ, ਜਾਂ ਸ਼ਾਹ ਲੈਣ ਦੀ ਪ੍ਰਕ੍ਰਿਆ ਆਦਿ। ਇਹ ਵਿਵਹਾਰ ਜਮਾਂਦਰੂ ਹੁੰਦੇ ਹਨ।

### 2.1.**3.2 ਸਿੱਖਣ ਦਾ ਸਰੂਪ** (**Nature of Learning**)

ਸਿੱਖਣ ਸਾਰੇ ਵਿਦਿਅਕ ਪ੍ਰੋਗਰਾਮਾਂ ਦਾ ਕੇਂਦਰੀ-ਧੁਰਾ ਹੈ। ਸਿੱਖਿਆ ਦਾ ਮੁੱਖ ਉਦੇਸ਼ ਬੱਚਿਆਂ ਦੇ ਵਿਵਹਾਰਾਂ ਵਿੱਚ ਇੱਛਤ ਤਬਦੀਲੀਆਂ ਨੂੰ ਪੈਦਾ ਕਰਨਾ ਹੈ। ਸਿੱਖਿਆ ਸ਼ਾਸਤਰੀ ਸਿੱਖਣ ਪ੍ਰਕਿਰਿਆ ਦੇ ਵਾਧੇ ਵਿੱਚ ਰੁੱਚੀ ਰਖਦੇ ਹਨ। ਮਨੁੱਖ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਕੁਝ ਸਿੱਖਣ ਦੀ ਯੋਗਤਾ ਹੈ। ਸਾਡਾ ਵਿਅਕਤਿਤਵ-ਸਾਡੀਆਂ ਆਦਤਾ, ਹੁੱਨਰ, ਗਿਆਨ, ਰਵੱਈਏ, ਰੁੱਚੀਆਂ, ਸਾਡਾ ਆਚਰਨ-ਜ਼ਿਆਦਾ ਕਰਕੇ ਸਿੱਖਣ ਦਾ ਸਿੱਟਾ ਹਨ। ਇੰਜ ਅਸੀਂ ਕਹਿ ਸਕਦੇ ਹਾਂ ਕਿ ਸਿੱਖਣਾ ਵਿਅਕਤੀ ਦੇ ਵਿਵਹਾਰ ਨੂੰ ਨਿਰਧਾਰਿਤ ਕਰਨ ਵਿਚ ਬੜਾ ਮਹੱਤਵਪੂਰਣ ਰੋਲ ਅਦਾ ਕਰਦਾ ਹੈ।

ਸਿੱਖਣ ਦੀ ਸਰਬ-ਵਿਆਪੀ ਸਵੀਕ੍ਰਿਤ ਪਰਿਭਾਸ਼ਾ ਦੇਣੀ ਕਠਿਨ ਹੈ ਕਿਉਂਕਿ ਮਨੋਵਿਗਿਆਨਕਾਂ ਦੁਆਰਾ ਵਿਕਸਤ ਵੱਖ-ਵੱਖ ਸਿਧਾਂਤਾਂ ਨੇ ਸਿੱਖਣ ਪਦ ਨੂੰ ਭਿੰਨ-ਭਿੰਨ ਨਜ਼ਰੀਏ ਤੋਂ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਉਹਨਾਂ ਵਿਚੋਂ ਬਹੁਤ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਸਿੱਖਣਾ ਤਬਦੀਲੀ ਦੀ ਪ੍ਰਕਿਰਿਆ ਹੈ। ਸ਼ਿਸੂ ਜਨਮ ਸਮੇਂ ਦੂਜਿਆਂ ਉਪਰ ਨਿਰਭਰ ਹੁੰਦਾ ਹੈ। ਪਰੰਤੂ ਹੋਲੀ ਹੋਲੀ ਉਹ ਆਪਣੇ ਆਪ ਨੂੰ ਆਲੇ-ਦੁਆਲੇ ਅਨੁਸਾਰ ਢਾਲਣਾ ਸ਼ੁਰੂ ਕਰ ਦਿੰਦਾ ਹੈ। ਉਹ ਆਪਣੇ ਅਨੁਭਵ ਦਾ ਫਾਇਦਾ ਉਠਾਉਣਾ ਸ਼ੁਰੂ ਕਰ ਦਿੰਦਾ ਹੈ। ਉਹ ਆਪਣੇ ਵਾਤਾਵਰਨ ਪ੍ਰਤੀ ਆਪਣੇ ਹੁੰਗਾਰਿਆਂ ਨੂੰ ਹੋਰ ਢੁਕਵਾਂ ਬਣਾ ਲੈਂਦਾ ਹੈ। ਇੰਜ ਅਸੀਂ ਸਿਖਣ ਨੂੰ ਉਚਿੱਤ ਹੁੰਗਾਰਿਆਂ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਦੇ ਤੋਰ ਤੇ ਲੈ ਸਕਦੇ ਹਾਂ। ਇਕ ਵਿਅਕਤੀ ਸਿੱਖਦਾ ਹੈ ਕਿਉਂਕਿ ਉਸਨੇ ਬਦਲ ਰਹੇ ਵਾਤਾਵਰਣ ਵਿਚ ਅਨੁਕੂਲ ਹੋਣਾ ਹੁੰਦਾ ਹੈ।

ਸਿੱਖਣ ਦਾ ਅਰਥ ਸਮੁੱਚਾ ਸੁਧਾਰ ਹੈ। ਸੁਧਾਰ ਦਾ ਸੁਭਾਅ ਤਬਦੀਲੀਆਂ ਰਾਹੀਂ ਸਪਸ਼ਟ ਤੌਰ ਤੇ ਵੇਖਿਆ, ਜਾ ਸਕਦਾ ਹੈ ਜਿਹੜੀਆਂ ਉਸ ਸਮੇਂ ਵਾਪਰਦੀਆਂ ਹਨ ਜਦੋਂ ਸਿੱਖਣ ਦੀ ਪਕਿਰਿਆ ਚੱਲ ਰਹੀ ਹੁੰਦੀ ਹੈ। ਇਹ ਅਨੁਭਵ ਰਾਹੀਂ ਵ੍ਰਿਧੀ ਹੁੰਦੀ ਹੈ। ਸਕਿਨਰ ਅਨੁਸਾਰ, ਸਿੱਖਣ ਦਾ ਭਾਵ ਅਨੁਭਵ ਰਾਹੀਂ ਲਾਭ ਉਠਾਉਣਾ ਹੁੰਦਾ ਹੈ। ਸਿੱਖਣਾ ਦੁਹਰਾਈ ਜਿਹੀਆਂ ਯੰਤਰ-ਕ੍ਰਿਤ ਵਿਧੀਆਂ ਰਾਹੀਂ ਕੇਵਲ ਤੱਥਾਂ ਅਤੇ ਕੁਸ਼ਲਤਾਵਾਂ ਦੀ ਹੀ ਪ੍ਰਾਪਤੀ ਨਹੀਂ ਹੁੰਦੀ। ਸਿੱਖਣ ਵਿਚ ਸਿਖਿਆਰਥੀ ਸਿੱਖਣ ਸਮੱਗਰੀ ਨੂੰ ਸੰਗਠਨ ਕਰਨਾ ਅਤੇ ਉਸਦਾ ਮੁਲਾਂਕਣ ਕਰਨਾ ਵੀ ਸਿਖਦਾ ਹੈ ਅਤੇ ਉਸ ਨੂੰ ਕਈ ਅਰਥ ਅਤੇ ਵਿਆਖਿਆਵਾਂ ਵੀ ਦਿੰਦਾ ਹੈ ਅਤੇ ਆਪਣੇ ਉਦੇਸ਼ਾਂ ਪ੍ਰਤੀ ਚੇਤੰਨ ਵੀ ਹੋ ਜਾਂਦਾ ਹੈ।

### 2.1.**3.3. ਸਿੱਖਣ ਦੀਆਂ ਪਰਿਭਾਸ਼ਾਵਾਂ** (**Definitions of Learning**)

ਸਿੱਖਣ ਨੂੰ ਕਈ ਢੰਗਾਂ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਕ ਦ੍ਰਿਸ਼ਟੀ ਤੋਂ ਇਹ ਅਨੁਕੂਲਤਾ ਦੀ ਪ੍ਰਕਿਰਿਆ ਹੈ। ਸਿੱਖਣਾ ਅਨੁਭਵ ਦੀ ਤਬਦੀਲੀ ਹੈ। ਕੇਵਲ ਅਨੁਭਵ ਵਿਚ ਵਾਧਾ ਹੀ ਨਹੀਂ ਹੁੰਦਾ। ਸਿੱਖਣ ਅਨੁਭਵ ਦੁਆਰਾ ਵਿਵਹਾਰ ਦੀ ਤਬਦੀਲੀ ਹੈ। ਕਈ ਸਿੱਖਣ ਦੀ ਪਰਿਭਾਸ਼ਾ ਆਪਣੀ ਲੋੜ ਨੂੰ ਸੰਤੁਸ਼ਟ ਕਰਨ ਅਤੇ ਕਈ ਹੁੰਗਾਰੇ ਉਠਾਉਣ ਦੀ ਪ੍ਰਕਿਰਿਆ ਦੇ ਤੌਰ ਤੇ ਕਰਦੇ ਹਨ। ਸਿੱਖਣ ਨੂੰ ਗਿਆਨ ਦੀ ਪ੍ਰਾਪਤੀ ਦੇ ਤੌਰ ਤੇ ਵੀ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸਕਿਨਰ ਸਿੱਖਣਾ ਵਿਚ ਗਿਆਨ ਦੀ ਪ੍ਰਾਪਤੀ ਅਤੇ

ਯਾਦ ਸ਼ਕਤੀ ਦੋਵਾਂ ਨੂੰ ਸ਼ਾਮਿਲ ਕਰਦਾ ਹੈ।

ਕਿੰਗਜ਼ਲੇ ਅਤੇ ਗੈਰੀ ਸਿੱਖਣ ਦੀ ਪ੍ਰਕਿਰਿਆ ਵਿਚ ਵਾਤਾਵਰਨ ਪ੍ਰਤੀ ਅਨੁਕੂਲਤਾ ਦੇ ਕਾਰਜ ਉਪਰ ਜ਼ੋਰ ਦਿੰਦੇ ਹਨ। ਉਹਨਾਂ ਅਨੁਸਾਰ, ਸਿੱਖਣਾ ਇੱਕ ਪ੍ਰਕਿਰਿਆ ਹੈ ਜਿਸ ਰਾਹੀਂ ਇਕ ਜੀਵ ਆਪਣੇ ਮਨੋਰਥ ਦੀ ਸੰਤੁਸ਼ਟੀ ਕਰਨ ਲਈ ਆਪਣੇ ਆਪ ਨੂੰ ਇਕ ਹਾਲਾਤ ਪ੍ਰਤੀ ਢਾਲਦਾ ਹੈ ਜਿਸ ਵਿਚ ਮੁਸ਼ਕਲਾਂ ਉਪਰ ਕਾਬੂ ਪਾਉਣ ਲਈ ਇਸਨੂੰ ਜ਼ਰੂਰ ਹੀ ਆਪਣੇ ਵਿਵਹਾਰ ਵਿੱਚ ਤਬਦੀਲੀ ਲਿਆਉਣੀ ਹੁੰਦੀ ਹੈ।

ਕ੍ਰੋ ਐਂਡ ਕ੍ਰੋ ਅਨੁਸਾਰ, ਸਿੱਖਣਾ, ਆਦਤਾਂ, ਰਵਈਆ ਅਤੇ ਗਿਆਨ ਦੀ ਪ੍ਰਾਪਤੀ ਹੈ। ਇਸ ਵਿਚ ਕੰਮ ਕਰਨ ਦੇ ਨਵੇਂ ਢੰਗ ਸ਼ਾਮਿਲ ਹੁੰਦੇ ਹਨ ਅਤੇ ਨਵੀਂ ਹਾਲਤ ਦੇ ਅਨੁਕੂਲ ਹੋਣ ਲਈ ਜਾਂ ਮੁਸ਼ਕਲਾਂ ਉਪਰ ਕਾਬੂ ਕਰਨ ਲਈ ਇਹ ਇਕ ਵਿਅਕਤੀ ਦੇ ਯਤਨ ਵਿਚ ਕ੍ਰਿਆਸ਼ੀਲ ਹੁੰਦੀ ਹੈ। ਅਜਿਹਾ ਵਿਅਕਤੀ ਨੂੰ ਉਦੇਸ਼ਾਂ ਦੀ ਪ੍ਰਾਪਤੀ ਜਾਂ ਰੁੱਚੀਆਂ ਦੀ ਸੰਤੁਸ਼ਟੀ ਦੇ ਕਾਬਿਲ ਬਣਾਉਂਦਾ ਹੈ।

ਸਿੱਖਣਾ ਇਕ ਪੇਚੀਦਾ ਪ੍ਰਕਿਰਿਆ ਹੈ, ਸਿੱਖਣਾ ਸਿੱਟੇ ਵਜੋਂ ਵਿਵਹਾਰ ਵਿਚ ਤਬਦੀਲੀਆਂ ਦੀ ਪ੍ਰਾਪਤੀ ਹੈ। ਸਿੱਖਣਾ ਉਸ ਸਮੇਂ ਵਾਪਰਦਾ ਹੈ ਜਦੋਂ ਇੱਕ ਜੀਵ ਇਕ ਹਾਲਾਤ ਵਿਚ ਪ੍ਰਤਿਕਿਰਿਆ ਕਰਦਾ ਹੈ। ਸਿੱਖਣ, ਅਨੁਕੂਲਤਾ ਦੇ ਵਿਵਹਾਰ ਦੇ ਨਵੇਂ ਢੰਗਾਂ ਦੀ ਪ੍ਰਾਪਤੀ ਵਿਚ ਹੁੰਦਾ ਹੈ। ਵਿਵਹਾਰ ਵਿਚ ਅਜਿਹੀ ਤਬਦੀਲੀ ਜੀਵ ਦੁਆਰਾ ਕੁਝ ਹੱਦ ਤਕ ਕਾਇਮ ਰੱਖੀ ਜਾਂਦੀ ਹੈ ਅਤੇ ਕੁਝ ਹੱਦ ਤੱਕ ਕਿਸੇ ਦੂਜੀ ਹਾਲਤ ਵਿਚ ਵਰਤੀ ਜਾਂਦੀ ਹੈ।

### 2.1.3.4 ਸਿੱਖਣ ਦੀਆਂ ਵਿਸ਼ੇਸ਼ਤਾਵਾਂ :

ਸਿੱਖਣ ਦੀਆਂ ਹੇਠ ਲਿਖਿਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ।

1. **ਵਿਵਹਾਰ ਵਿਚ ਪ੍ਰਗਤੀਸ਼ੀਲ ਸੁਧਾਰ :** ਜਦੋਂ ਮਨੁੱਖ ਪਰਿਸਥਿਤੀ ਪ੍ਰਤੀ ਪ੍ਰਤਿਕਿਰਿਆ ਕਰਦਾ ਹੈ ਤਾਂ ਸਿੱਖਣ ਦੁਆਰਾ ਵਿਵਹਾਰ ਵਿਚ ਪ੍ਰਗਤੀਸ਼ੀਲ ਸੁਧਾਰ ਆਉਂਦਾ ਹੈ। ਇਸੇ ਕਾਰਣ ਸਿੱਖਣ ਨੂੰ ਸੁਧਾਰ ਕਿਹਾ ਗਿਆ ਹੈ।

2. **ਸਿੱਖਣਾ ਸਮਾਯੋਜਨਾ ਦੁਆਰਾ ਪ੍ਰੇਰਿਤ ਹੁੰਦਾ ਹੈ :** ਮਨੁੱਖ ਨੂੰ ਨਵੇਂ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਸਮਾਯੋਜਿਤ ਕਰਨਾ ਹੁੰਦਾ ਹੈ।

3. **ਸਿੱਖਣਾ ਕਦੇ ਨਾ ਖ਼ਤਮ ਹੋਣ ਵਾਲਾ ਵਾਧਾ ਹੈ :** ਸਾਡੀ ਹਮੇਸ਼ਾ ਹੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਅਸੀਂ ਵੱਧ ਤੋਂ ਵੱਧ ਸਿੱਖੀਏ। ਪ੍ਰਾਪਤੀ ਅਗਲੇ ਉਤਪ੍ਰੇਰਕ, ਕੋਸ਼ਿਸ਼ ਅਤੇ ਯਤਨ ਵੱਲ ਪ੍ਰੇਰਿਤ ਕਰਦੀ ਹੈ।

4. **ਸਿੱਖਣ ਦਾ ਸਰੂਪ ਸਰਵ ਵਿਆਪੀ ਹੈ :** ਪ੍ਰਤੇਕ ਪ੍ਰਾਣੀ ਸਿੱਖਦਾ ਹੈ। ਮਨੁੱਖ ਇਕ ਵਿਵੇਕਸ਼ੀਲ ਪ੍ਰਾਣੀ ਹੈ ਇਸ ਲਈ ਉਹ ਵੱਧ ਸਿੱਖਦਾ ਹੈ।

5. **ਸਿੱਖਣਾ ਨਿਰੰਤਰ ਚਲਣ ਵਾਲੀ ਪ੍ਰਕ੍ਰਿਆ ਹੈ :** ਸਿੱਖਣਾ ਬਚਪਨ/ਸਕੂਲ ਤਕ ਹੀ ਸੀਮਿਤ ਨਹੀਂ ਸਗੋਂ ਜੀਵਨ ਭਰ ਚਲਦਾ ਹੈ। ਇਸ ਦਾ ਭਾਵ ਹੈ ਕਿ ਸਿੱਖਣਾ ਇਕ ਨਿਰੰਤਰ ਚਲਣ ਵਾਲੀ ਪ੍ਰਕ੍ਰਿਆ ਹੈ।

6. **ਸਿੱਖਣਾ ਉਦੇਸ਼ਪੂਰਣ ਅਤੇ ਲਕਸ਼ ਕੇਂਦਰਿਤ ਹੈ :** ਜਦੋਂ ਉਦੇਸ਼ ਸਪਸ਼ਟ ਅਤੇ ਸਾਫ਼ ਹੋਣ ਦਾ ਸਿੱਖਣਾ ਉਦੇਸ਼ਪੂਰਨ ਅਤੇ ਲਕਸ਼ ਕੇਂਦਰਿਤ ਬਣ ਜਾਂਦਾ ਹੈ ਜਿਸ ਦਾ ਵਿਦਿਆਰਥੀ ਨੂੰ ਲਾਭ ਪਹੁੰਚਦਾ ਹੈ।

7. **ਸਿੱਖਣਾ ਕਿਰਿਆਸ਼ੀਲ ਅਤੇ ਰਚਨਾਤਮਿਕ ਹੈ :** ਸਿੱਖਣਾ ਵਿਦਿਆਰਥੀ ਦੀਆਂ ਸਰਗਰਮੀਆਂ ਤੇ ਨਿਰਭਰ ਕਰਦਾ ਹੈ। ਕਿਹਾ ਜਾਦਾ ਹੈ ਕਿ ਜਿੱਥੇ ਸਵੈਕਿਰਿਆ ਨਹੀਂ ਉੱਥੇ ਸਿੱਖਣ ਦਾ ਕੰਮ ਨਹੀਂ ਹੁੰਦਾ। ਇਸ ਲਈ ਸਿੱਖਣਾ ਕਿਰਿਆ ਅਤੇ ਅਨੁਭਵ ਦਾ ਸਿੱਟਾ ਹੈ। ਇਹ ਸਾਰੇ ਗਿਆਨ ਦਾ ਰਚਨਾਤਮਿਕ ਅਨੁਭਵ ਹੈ।

8. **ਸਿੱਖਣਾ ਨਿੱਜੀ ਅਤੇ ਸਮਾਜਿਕ ਲੋੜਾਂ ਦੁਆਰਾ ਉਤੇਜਿਤ ਹੁੰਦਾ ਹੈ :** ਸਿੱਖਣਾ ਇਕ ਵਿਅਕਤੀ ਦੀਆਂ ਸਮਾਜਿਕ ਲੋੜਾਂ, ਰੁਚੀਆਂ, ਚਾਹਤਾਂ ਅਤੇ ਆਦਰਸ਼ਾਂ ਤੇ ਨਿਰਭਰ ਹੁੰਦਾ ਹੈ। ਸਮਾਜਿਕ ਵਾਤਾਵਰਣ ਦਾ ਸਿੱਖਣ 'ਤੇ ਪ੍ਰਭਾਵ ਪੈਂਦਾ ਹੈ। ਵਾਤਾਵਰਣ ਦੀ ਅਣਹੋਂਦ ਵਿਚ ਸਿੱਖਣਾ ਅਸੰਭਵ ਹੈ।

9. **ਸਿੱਖਣ ਵਿਚ ਅੰਤਰਣ ਦਾ ਪੱਖ :** ਸਿੱਖਣ ਵਿਚ ਅੰਤਰਣ ਦਾ ਪੱਖ ਵੀ ਹੈ। ਅੰਤਰਣ ਦਾ ਭਾਵ ਹੈ

ਕਿ ਇਕ ਸਥਿਤੀ ਵਿਚ ਸਿੱਖਣ ਦਾ ਦੂਜੀ ਸਥਿਤੀ ਵਿਚ ਸਿੱਖਣ ਵਿਚ ਸਹਾਈ ਹੋਣਾ।

10. **ਸਿੱਖਣਾ ਇਕ ਪ੍ਰਕ੍ਰਿਆ ਹੈ ਨਾ ਕਿ ਪਰਿਣਾਮ :** ਆਮ ਲੋਕਾਂ ਲਈ ਸਿੱਖਣਾ ਪਰਿਣਾਮ ਹੈ, ਪਰ ਮਨੋਵਿਗਿਆਨੀਆਂ ਲਈ ਇਹ ਇਕ ਪ੍ਰਕਿਰਿਆ ਹੈ ਜਿਸਦੇ ਹੇਠ ਲਿਖੇ ਪੰਜ ਪੜਾਅ ਹੁੰਦੇ ਹਨ :-

**(i)** **ਪ੍ਰੇਰਣਾ ਜਾਂ ਲੋੜ :** ਸਭ ਤੋਂ ਪਹਿਲਾਂ ਪ੍ਰੇਰਣਾ ਜਾਂ ਲੋੜ ਪੈਦਾ ਹੁੰਦੀ ਹੈ। ਪ੍ਰੇਰਣਾ ਇਕ ਸ਼ਕਤੀ ਹੈ ਜੋ ਕਿਸੇ ਮਨੁੱਖ ਨੂੰ ਵਿਹਾਰ ਕਰਨ ਜਾਂ ਕੋਈ ਵਿਸ਼ੇਸ਼ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ।

**(ii)** **ਉਦੇਸ਼ :** ਜੇ ਪ੍ਰੇਰਕ/ਲੋੜ ਹਾਜ਼ਰ ਹੋਵੇ ਤਾਂ ਅਧਿਆਪਕ ਜਾਂ ਕੋਈ ਹੋਰ ਵਿਅਕਤੀ ਉਦੇਸ਼ ਨਿਸ਼ਚਿਤ ਕਰ ਸਕਦਾ ਹੈ।

**(iii)** **ਸਮਾਯੋਜਨ :** ਬੱਚੇ ਵਿਚ ਆਪਣੇ ਆਪ ਨੂੰ ਨਵੇਂ ਵਾਤਾਵਰਣ ਵਿਚ ਸਮਾਯੋਜਿਤ ਕਰਨ ਦੀ ਰੁਚੀ ਪੈਦਾ ਹੁੰਦੀ ਹੈ।

**(iv)** **ਪਰਿਵਰਤਨ :** ਬੱਚੇ ਦੇ ਵਿਵਹਾਰ ਵਿਚ ਪਰਿਵਰਤਨ ਆ ਜਾਂਦੇ ਹਨ।

**(v)** **ਵਿਵਹਾਰ ਦਾ ਨਿਸ਼ਚਿਤ/ਸਥਾਈ ਹੋਣਾ :** ਸਿੱਖਿਆਰਥੀ ਦੇ ਵਿਵਹਾਰ ਵਿਚ ਉਹ ਪਰਿਵਰਤਨ ਨਿਸ਼ਚਿਤ ਅਤੇ ਸਥਾਈ ਹੋ ਜਾਂਦੇ ਹਨ।

2.1.3.5 **ਸਿੱਖਣ ਦੀਆਂ ਕਿਸਮਾਂ :**

ਮਨੋਵਿਗਿਆਨੀਆਂ ਨੇ ਅਤੇ ਸਿੱਖਿਆ ਵਿਦਵਾਨਾਂ ਨੇ ਸਿੱਖਣ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਗੀਕ੍ਰਿਤ ਕੀਤਾ ਹੈ। ਜਿਸ ਵਿਚੋਂ ਇਕ ਵਰਗੀਕਰਣ ਹੇਠ ਲਿਖੇ ਅਨੁਸਾਰ ਹੈ :

ਵਿਵਹਾਰ ਤੇ ਆਧਾਰਿਤ ਸਿੱਖਣ ਦਾ ਵਰਗੀਕਰਣ -

1. ਗਿਆਨਾਤਮਕ - ਗਿਆਨ ਪ੍ਰਾਪਤ ਕਰਨਾ।
2. ਭਾਵਨਾਤਮਕ - ਤੰਵੇਂਗਾ ਵਿਚ ਤਬਦੀਲੀ।
3. ਕ੍ਰਿਆਤਮਕ - ਕੁਸ਼ਲਤਾਵਾਂ ਅਤੇ ਆਦਤਾਂ ਨੂੰ ਗ੍ਰਹਿਣ ਕਰਨਾ।


2.1.4 **ਸਿੱਖਣ ਪ੍ਰਕਿਰਿਆ :**

ਸਿੱਖਣ ਕਿਰਿਆ ਹੇਠ ਲਿਖੇ ਅਨੁਸਾਰ ਵੀ ਵਾਪਰਦੀ ਹੈ :-

1. **ਪ੍ਰੇਰਕ :** ਹਰ ਵਿਅਕਤੀ ਦੀਆਂ ਕਈ ਲੋੜਾਂ ਅਤੇ ਉਦੇਸ਼ ਹਨ। ਉਹ ਆਪਣੀ ਹਰ ਲੋੜ ਅਤੇ ਖਾਹਿਸ਼ ਨੂੰ ਪੂਰਾ ਨਹੀਂ ਕਰ ਸਕਦਾ। ਸਿਰਫ਼ ਉਹ ਵਿਅਕਤੀ ਜਿਨ੍ਹਾਂ ਦੇ ਪ੍ਰੇਰਕ ਮਜ਼ਬੂਤ ਹੁੰਦੇ ਹਨ, ਉਹੀ ਲੋੜਾਂ ਨੂੰ ਪੂਰਾ ਕਰਦੇ ਹਨ। ਵਿਅਕਤੀ ਆਪਣੇ ਵਾਤਾਵਰਣ ਵਿਚੋਂ ਸਿੱਖਣ ਦੀ ਦਿਸ਼ਾ ਅਪਨਾਉਂਦਾ ਹੈ ਜਿਸ ਦੇ ਲਈ ਪ੍ਰੇਰਕ ਮਜ਼ਬੂਤ ਹੋਣ।

2. **ਉਦੇਸ਼ :** ਵਿਅਕਤੀ ਦਾ ਸੁਭਾਅ ਉਦੇਸ਼ ਨੂੰ ਪੂਰਾ ਕਰਨ ਵੱਲ ਕੇਂਦਰਤ ਹੁੰਦਾ ਹੈ। ਇੱਥੋਂ ਤੱਕ ਕਿ ਛੋਟੀ ਉਮਰ ਵਿਚ ਵੀ ਜੋ ਬੱਚਾ ਪਿਆਸਾ ਹੈ ਤਾਂ ਉਹ ਵੀ ਅਜਿਹੇ ਹਾਲਾਤ ਦੇਖੇਗਾ ਜਿੱਥੋਂ ਉਸ ਨੂੰ ਪਾਣੀ ਮਿਲਦਾ ਹੈ।

3. **ਤਿਆਰ ਹੋਣਾ :** ਕੁੱਝ ਵੀ ਸਿੱਖਣ ਲਈ ਤਿਆਰ ਹੋਣਾ ਬਹੁਤ ਜ਼ਰੂਰੀ ਹੈ, ਪਰ ਕੁੱਝ ਤੱਤ ਜਿਵੇਂ ਕਿ ਸਰੀਰ-ਵਿਗਿਆਨਕ, ਮਨੋਵਿਗਿਆਨਕ ਅਤੇ ਪ੍ਰਯੋਗਿਕ ਤੱਤ ਸਿੱਖਣ ਕਿਰਿਆ ਤੇ ਅਸਰ ਪਾਉਂਦੇ ਹਨ। ਪਰ ਜੇ ਵਿਅਕਤੀ ਸਿੱਖਣ ਲਈ ਤਿਆਰ ਹੋਵੇ ਤਾਂ ਉਹ ਸਿੱਖਣ ਦੀ ਕੋਸ਼ਿਸ਼ ਜ਼ਰੂਰ ਕਰੇਗਾ।




4. **ਰੁਕਾਵਟ :** ਕਿਸੇ ਵੀ ਕੰਮ ਨੂੰ ਕਰਨ ਲਈ ਰੁਕਾਵਟ ਪੈਦਾ ਹੁੰਦੀ ਹੈ। ਇਹ ਰੁਕਾਵਟ ਕਰਨ ਦੇ ਇਰਾਦੇ ਨੂੰ ਮਜ਼ਬੂਤ ਵੀ ਕਰਦੀ ਹੈ। ਜੇ ਕੋਈ ਵਿਅਕਤੀ ਰੁਕਾਵਟ ਵਿਚੋਂ ਲੰਘਦਾ ਹੈ ਤਾਂ ਉਹ ਸਿੱਖਣ ਕਿਰਿਆ ਦੇ ਅੰਤਿਮ ਪੜਾਅ ਤੱਕ ਪਹੁੰਚਦਾ ਹੈ। ਹੇਠ ਲਿਖੀ ਉਦਾਹਰਣ ਇਸ ਕਿਰਿਆ ਦੇ ਹਰ ਅੰਗ ਨੂੰ ਦਰਸਾਉਂਦੀ ਹੈ।

ਇਕ ਬੱਚਾ ਭੁੱਖਾ ਹੈ। ਉਹ ਕੁੱਝ ਖਾਣ ਨੂੰ ਲੱਭਦਾ ਹੈ। ਭੁੱਖ ਲੱਗਣਾ ਪ੍ਰੇਰਕ ਹੈ। ਉਸ ਨੂੰ ਕੁੱਝ ਕੇਲੇ ਉੱਚੀ ਥਾਂ ਤੇ ਪਏ ਨਜ਼ਰ ਆਉਂਦੇ ਹਨ, ਪਰ ਇਹ ਉੱਚਾਈ ਉਸ ਲਈ ਰੁਕਾਵਟ ਹੈ। ਉਹ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕੇਲਿਆਂ ਤੱਕ ਨਹੀਂ ਪਹੁੰਚਦਾ। ਫਿਰ ਉਹ ਸਟੂਲ ਉੱਤੇ ਚੜ੍ਹ ਕੇ ਕੇਲੇ ਲੈਂਦਾ ਹੈ। ਇਸ ਨਾਲ ਉਹ ਇਹ ਸਿੱਖਦਾ ਹੈ ਕਿ ਕੋਈ ਵੀ ਉੱਚੀ ਥਾਂ ਤੇ ਰੱਖੀ ਚੀਜ਼ ਸਟੂਲ ਜਾਂ ਕੁਰਸੀ ਤੇ ਚੜ੍ਹ ਕੇ ਲਈ ਜਾ ਸਕਦੀ ਹੈ।

### 2.1.5 ਅਧਿਆਪਨ :

ਪੁਰਾਣੇ ਸਮਿਆਂ ਵਿਚ ਪੜ੍ਹਾਉਣ ਤੋਂ ਭਾਵ ਦੱਸਣਾ ਜਾਂ ਜਾਣਕਾਰੀ ਦੇਣਾ ਹੀ ਸਮਝਿਆ ਜਾਂਦਾ ਸੀ। ਅਧਿਆਪਕ ਅਤੇ ਵਿਦਿਆਰਥੀ ਦੇ ਕ੍ਰਿਆਵਾਂ ਕਰਕੇ ਇਕ ਦੂਸਰੇ ਦੇ ਨਾਲ ਜੁੜੇ ਹੋਏ ਹਨ, ਉਹ ਦੋ ਕ੍ਰਿਆਵਾਂ ਹਨ : (1) ਪੜ੍ਹਾਉਣਾ ਅਤੇ (2) ਸਿੱਖਣਾ। ਪੜ੍ਹਾਉਣ ਦਾ ਸਿੱਟਾ ਹੀ ਸਿੱਖਣ ਹੁੰਦਾ ਹੈ। ਅਧਿਆਪਨ ਦਾ ਅਰਥ ਹੈ ਸਿੱਖਣ ਲਈ ਹੱਲਾਸ਼ੇਰੀ ਦੇਣਾ, ਉਤੇਜਨਾ ਪੈਦਾ ਕਰਨਾ, ਸਿੱਖਣ ਦੀ ਤਮੰਨਾ, ਉਮੰਗ ਅਤੇ ਲਾਲਸਾ ਪੈਦਾ ਕਰਨਾ, ਜਿਗਿਆਸਾ ਦਾ ਵਿਕਾਸ ਕਰਨਾ।

ਪ੍ਰੋਫੈਸਰ ਬਰਟਨ ਦੇ ਅਨੁਸਾਰ, ਅਧਿਆਪਨ-ਪ੍ਰੇਰਣਾ, ਅਗਵਾਈ, ਨਿਰਦੇਸ਼ਨ ਅਤੇ ਸਿੱਖਣ ਨੂੰ ਉਤਸ਼ਾਹਤ ਕਰਨਾ।

ਅਧਿਆਪਨ ਇਕ ਅੰਤਰ-ਕ੍ਰਿਆਵੀ ਪ੍ਰਕਿਰਿਆ ਹੈ। ਇਹ ਅਧਿਆਪਕ ਅਤੇ ਵਿਦਿਆਰਥੀ ਵਿਚਕਾਰਲੀ ਪ੍ਰਕ੍ਰਿਆ ਹੈ। ਅਸਲ ਵਿਚ ਅਧਿਆਪਨ ਅਧਿਆਪਕ, ਵਿਦਿਆਰਥੀ ਅਤੇ ਵਿਸ਼ੇ ਵਿਚਾਲੇ ਹੋ ਰਹੀ ਅੰਤਰ-ਕ੍ਰਿਆ ਦਾ ਹੀ ਅਮਲ ਹੈ।

ਅਧਿਆਪਨ ਇਕ ਕਾਰਜ ਮੁੱਖੀ ਪ੍ਰਕ੍ਰਿਆ ਹੈ। ਸਮਿੱਥ ਦੇ ਅਨੁਸਾਰ, "ਪੜ੍ਹਾਉਣਾ ਕ੍ਰਿਆਵਾਂ ਦਾ ਇਕ ਸਿਸਟਮ ਹੈ ਜਿਸ ਦਾ ਉਦੇਸ ਹੈ, 'ਸਿੱਖਾਉਣਾ'।" ਪਰੰਤੂ ਇਹ ਜ਼ਰੂਰੀ ਨਹੀਂ ਕਿ ਪੜ੍ਹਾਉਣ ਦਾ ਸਿੱਟਾ ਸਿੱਖਣਾ ਜ਼ਰੂਰ ਹੋਵੇ। ਮਨੁੱਖ ਬਿਨਾਂ ਪੜ੍ਹਾਏ ਵੀ ਸਿੱਖ ਸਕਦਾ ਹੈ, ਕਲਾਰਕ ਦੇ ਸ਼ਬਦਾਂ ਵਿਚ, ਪੜ੍ਹਾਉਣਾ ਵਿਦਿਆਰਥੀ ਵਿਚ, ਉਸ ਦੇ ਵਿਵਹਾਰ ਵਿਚ ਤਬਦੀਲੀ ਲਿਆਉਣ ਦਾ ਅਮਲ ਹੈ। ਪੜ੍ਹਾਉਣ ਨਾਲ ਵਿਦਿਆਰਥੀ ਦੇ

ਵਿਵਹਾਰ ਵਿਚ ਤਬਦੀਲੀ ਜ਼ਰੂਰ ਆਉਣੀ ਚਾਹੀਦੀ ਹੈ, ਚਾਹੇ ਉਹ ਕਿੰਨੀ ਵੀ ਥੋੜ੍ਹੀ ਤੇ ਮਾਮੂਲੀ ਹੋਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਅਧਿਆਪਨ ਆਪਣੇ ਮਕਸਦ ਵਿਚ ਸਫ਼ਲ ਨਹੀਂ ਹੁੰਦਾ।

ਅਧਿਆਪਨ ਬਹੁਤ ਹੀ ਜਟਿਲ/ਪੇਚੀਦਾ ਸੰਕਲਪ ਹੈ। ਇਹ ਇਕ ਗੁੰਝਲਦਾਰ ਕਲਾ ਹੈ ਜਿਸ ਰਾਹੀਂ ਵਿਦਿਆਰਥੀਆਂ ਦਾ ਵੱਖ-ਵੱਖ ਚੁਣੇ ਹੋਏ ਅਨੁਭਵਾਂ ਦੁਆਰਾ ਮਾਰਗਦਰਸ਼ਨ ਕੀਤਾ ਜਾਂਦਾ ਹੈ ਅਤੇ ਅਧਿਆਪਨ-ਸਿੱਖਣ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਡਬਲਯੂ. ਐਮ. ਰਾਈਬਰਨ ਦੇ ਅਨੁਸਾਰ, ਅਧਿਆਪਨ ਕੇਵਲ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਹੁੰਦਾ ਹੈ, ਸੰਬੰਧ ਹੁੰਦਾ ਹੈ ਜਿਸ ਰਾਹੀਂ ਵਿਦਿਆਰਥੀ ਆਪਣੀਆਂ ਸ਼ਕਤੀਆਂ ਵਿਕਸਤ ਕਰਦਾ ਹੈ।

ਸਵਾਮੀ ਵਿਵੇਕਾਨੰਦ ਜੀ ਨੇ ਅਧਿਆਪਨ ਵਿਚ ਅਧਿਆਪਕ ਦੀ ਭੂਮਿਕਾ ਦਾ ਬਖਾਨ ਕਰਦੇ ਹੋਏ ਕਿਹਾ ਹੈ ਕਿ ਸੱਚਾ ਅਧਿਆਪਕ ਉਹ ਹੁੰਦਾ ਹੈ ਜਿਹੜਾ ਕਿ ਤੁਰੰਤ ਹੀ ਬੱਚਿਆਂ ਸਿੱਖਿਆਰਥੀ ਦੇ ਪੱਧਰ ਤੇ ਉੱਤਰ ਜਾਵੇ।

## 2.1.6 ਅਧਿਆਪਨ-ਸਿੱਖਣ ਪ੍ਰਕਿਰਿਆ ਦਾ ਸਰੂਪ ਅਤੇ ਸੰਕੇਤ-ਭਾਵ (NATURE AND IMPLICATIONS OF TEACHING-LEARNING PROCESS)

**ਅਧਿਆਪਨ ਨੂੰ ਸਿੱਖਣ ਨਾਲ ਜੋੜਨ ਦੀ ਲੋੜ (Need of Relating Teaching to Learning):**

ਵਿਲੀਅਮ ਐਚ.ਬਰਟਨ (1958) ਨੇ ਅਧਿਆਪਨ ਅਤੇ ਸਿੱਖਣ ਵਿੱਚ ਸੰਬੰਧ ਦੀ ਜਾਂਚ ਕਰਨ ਦਾ ਯਤਨ ਕੀਤਾ ਹੈ ਅਤੇ ਇਸ ਦੇ ਹੇਠ ਲਿਖੇ ਕਾਰਨ ਦੱਸੇ ਹਨ:

(1) ਅਧਿਆਪਨ ਨੂੰ ਸਿੱਖਣ ਨਾਲ ਜੋੜਕੇ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।

(2) ਅਧਿਆਪਨ ਉਦੇਸ਼ਾਂ ਨੂੰ ਵਿਵਹਾਰਕ ਅਰਥਾਂ ਵਿਚ ਪਹਿਚਾਣਿਆ ਜਾ ਸਕਦਾ ਹੈ ਅਤੇ ਉਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਉਚਿਤ ਸਿੱਖਣ ਹਾਲਤਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ।

(3) ਪ੍ਰਭਾਵਸ਼ਾਲੀ ਸਿੱਖਣ ਲਈ ਉਚਿਤ ਸਿੱਖਣ ਹਾਲਤਾਂ ਦੀ ਰਚਨਾ ਕੀਤੀ ਜਾ ਸਕਦੀ ਹੈ।

(4) ਸਿੱਖਣ ਹਾਲਤਾਂ ਨੂੰ ਪੈਦਾ ਕਰਨ ਲਈ ਪ੍ਰਭਾਵਸ਼ਾਲੀ ਅਧਿਆਪਨ ਸਹਾਇਕ ਸਮੱਗਰੀਆਂ ਨੂੰ ਚੁਣਿਆ ਜਾ ਸਕਦਾ ਹੈ।

(5) ਸਿੱਖਣ ਦੇ ਆਸ਼ਾਵਾਦੀ ਉਦੇਸ਼ ਦੀ ਪ੍ਰਾਪਤੀ ਲਈ ਅਧਿਆਪਨ ਦਾਅ-ਪੇਚਾਂ ਨੂੰ ਚੁਣਿਆ ਜਾ ਸਕਦਾ ਹੈ।

(6) ਅਧਿਆਪਨ ਅਤੇ ਸਿੱਖਣ ਦੇ ਸੰਬੰਧ ਦਾ ਸੰਕਲਪ ਅਧਿਆਪਨ ਦੇ ਸਰੂਪ ਨੂੰ ਸਮਝਣ ਲਈ ਇਕ ਮਦਦ ਹੋਵੇਗੀ। ਇਸ ਵਿਚੋਂ ਅਧਿਆਪਨ ਸਿਧਾਂਤ ਕੱਢਿਆ ਜਾ ਸਕੇਗਾ।

(7) ਅਜਿਹੇ ਸੰਬੰਧ ਦਾ ਗਿਆਨ ਪ੍ਰਭਾਵਸ਼ਾਲੀ ਅਧਿਆਪਕ ਪੈਦਾ ਕਰਨ ਵਿੱਚ ਮੱਦਦ ਕਰੇ ਗਾ।

## 2.1.7 ਅਧਿਆਪਨ ਅਤੇ ਸਿੱਖਣ ਦਾ ਆਪਸੀ ਸੰਬੰਧ :

ਪੜ੍ਹਾਉਣਾ ਅਤੇ ਸਿੱਖਣਾ ਦੋ ਵੱਖਰੀਆਂ ਕ੍ਰਿਆਵਾਂ ਹਨ ਪਰ ਇੱਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ ਅਤੇ ਇਹ ਜੋੜ ਇਨਾ ਮਜ਼ਬੂਤ ਹੈ ਕਿ ਟੁੱਟ ਨਹੀਂ ਸਕਦਾ। ਇਸੇ ਲਈ ਕਿਹਾ ਜਾਂਦਾ ਹੈ ਕਿ ਉਹ ਅਧਿਆਪਨ ਹੀ ਕੀ ਹੋਇਆ ਜਿਸ ਸਦਕਾ ਕੁਝ ਵੀ ਸਿੱਖਿਆ ਨਾ ਗਿਆ ਹੋਵੇ। ਜਿੰਨਾ ਸਿੱਖਣਾ ਅਧਿਆਪਨ ਨਾਲ ਹੁੰਦਾ ਹੈ ਉਨਾ ਹੀ ਅਧਿਆਪਨ ਨੂੰ ਪ੍ਰਭਾਵਸ਼ਾਲੀ ਕਿਹਾ ਜਾਦਾ ਹੈ। ਇਹੋ ਹੀ ਕਾਰਨ ਹੈ ਕਿ ਇਨ੍ਹਾਂ ਨੂੰ ਪਰਸਪਰ ਸੰਬੰਧਿਤ ਕ੍ਰਿਆਵਾਂ ਕਿਹਾ ਜਾਂਦਾ ਹੈ। ਇਕ ਕਾਰਨ ਹੈ ਤੇ ਦੂਜਾ ਸਿੱਟਾ। ਅਧਿਆਪਨ ਅਤੇ ਸਿੱਖਣ ਦਾ ਰਿਸ਼ਤਾ ਕਾਰਨ-ਸਿੱਟੇ ਵਾਲਾ ਹੀ ਹੈ। ਅਧਿਆਪਨ ਦਾ ਮੰਤਵ ਹੀ ਇਹ ਹੁੰਦਾ ਹੈ ਕਿ ਵਿਦਿਆਰਥੀ ਗਿਆਨ, ਚੱਜ (Skills) ਵਤੀਰੇ ਜਾਂ ਨਜ਼ਰੀਏ

ਇਕਤਰਿਤ ਕਰੇ। ਇਹ ਹੋ ਸਕਦਾ ਹੈ ਕਿ ਅਧਿਆਪਨ ਸਦਕਾ ਕੋਈ ਵੀ ਵਿਦਿਆਰਥੀ ਕੁਝ ਨਾ ਸਿੱਖੇ, ਪਰ ਅਜਿਹੇ ਅਧਿਆਪਨ ਨੂੰ ਸਹੀ ਅਧਿਆਪਨ ਨਹੀਂ ਕਿਹਾ ਜਾ ਸਕਦਾ।

ਅਧਿਆਪਨ ਅਤੇ ਸਿੱਖਣ ਦੇ ਸੰਬੰਧ ਨੂੰ ਹੀ ਪੜ੍ਹਾਉਣ ਅਤੇ ਸਿੱਖਣ ਦੀ ਪ੍ਰਕਿਰਿਆ ਕਿਹਾ ਜਾਂਦਾ ਹੈ। ਇਹ ਪ੍ਰਕਿਰਿਆ ਇਸ ਤਰ੍ਹਾਂ ਵਾਪਰਦੀ ਹੈ :

(i) ਅਧਿਆਪਨ ਦਾ ਅਰਥ ਹੁੰਦਾ ਹੈ ਅਗਾਊਂ ਮਿਥੇ ਉਦੇਸ਼ਾਂ ਦੀ ਪ੍ਰਾਪਤੀ ਲਈ ਕੁਝ ਕੁ ਤਕਨੀਕਾਂ ਅਤੇ ਵਸਤੂਆਂ ਤੇ ਜੁਗਤਾਂ ਨੂੰ ਵਿਵਸਥਿਤ ਅਤੇ ਯੋਜਨਾਬੱਧ ਕਰਨਾ ਅਤੇ ਸਿੱਖਣ ਤੋਂ ਭਾਵ ਹੁੰਦਾ ਹੈ ਅਧਿਆਪਨ ਦਾ ਸਿੱਟਾ ਜਾਂ ਅਗਾਊਂ ਮਿੱਥੇ ਉਦੇਸ਼ਾਂ ਦੀ ਵਾਸਤਵਿਕ ਪ੍ਰਾਪਤੀ। ਇਕ ਕਾਰਨ ਹੁੰਦਾ ਹੈ ਤੇ ਦੂਜਾ ਇੱਛਤ ਜਾਂ ਚਾਹਿਆ ਜਾ ਰਿਹਾ ਸਿੱਟਾ ਹੁੰਦਾ ਹੈ। ਦੋਵਾਂ ਵਿਚਾਲੇ ਕਾਰਨ-ਇੱਛਤ ਸਿੱਟਾ ਸੰਬੰਧ ਹੈ।

(ii) ਅਧਿਆਪਨ ਸਮਾਜਕ ਕ੍ਰਿਆ ਹੈ ਜਿਸ ਦੀ ਵਿਵਸਥਾ ਹੋਰਨਾਂ ਦੀ ਭਲਾਈ ਲਈ ਕੀਤੀ ਜਾਂਦੀ ਹੈ ਪਰੰਤੂ ਸਿੱਖਣਾ ਵਿਅਕਤੀਗਤ ਜਾਤੀ ਮੁਫਾਦ ਦੀ ਕ੍ਰਿਆ ਹੈ ਜਿਸ ਵਿਚ ਕੇਵਲ ਵਿਦਿਆਰਥੀ ਦਾ ਆਪਣਾ ਹਿਤ ਹੁੰਦਾ ਹੈ। ਇਸ ਲਈ ਅਧਿਆਪਨ ਨੂੰ ਨੈਤਿਕ ਅਤੇ ਉਚੀ ਕੀਮਤ ਵਾਲੀ ਅਤੇ ਸਿੱਖਣ ਨੂੰ ਸਵਾਰਥ ਵਾਲੀ ਨੀਵੀਂ ਕ੍ਰਿਆ ਕਿਹਾ ਜਾ ਸਕਦਾ ਹੈ।

(iii) ਅਧਿਆਪਨ ਦੀ ਕ੍ਰਿਆ ਜਾਣ ਬੁੱਝ ਕੇ, ਸੋਚ ਸਮਝ ਕੇ ਕੀਤੀ ਜਾਂਦੀ ਹੈ। ਸਿੱਖਣ ਸੁਤੇ ਹੀ ਹੋਂਦ ਵਿਚ ਹੋਣ ਵਾਲੀ ਕ੍ਰਿਆ ਹੈ। ਅਧਿਆਪਨ ਯਤਨ ਦਾ ਸੂਚਕ ਹੈ। ਪਰ ਸਿੱਖਣਾ ਪ੍ਰਾਪਤੀ ਜਾਂ ਸਫ਼ਲਤਾ ਦਾ ਸੂਚਕ ਹੈ। ਇਕ ਕਾਰਜ ਹੈ, ਮਿਹਨਤ ਹੈ, ਦੂਜਾ ਫਲ ਹੈ, ਪਰਿਣਾਮ ਹੈ।

(iv) ਅਧਿਆਪਨ ਦੀ ਹੋਂਦ ਸਿੱਖਣ ਕਰਕੇ ਹੀ ਹੈ, ਪਹਿਲੋਂ ਸਿੱਖਣ ਦੀ ਪ੍ਰਵਿਰਤੀ ਪੈਦਾ ਹੋਈ ਫਿਰ ਪੜ੍ਹਾਉਣ ਦਾ ਰਿਵਾਜ ਪਿਆ। ਇਸ ਕਰਕੇ ਕਿਲਪੈਟਰਿਕ (ਜਾਨ-ਡਿਊਟੀ ਦਾ ਚੇਲਾ) ਲਿਖਦਾ ਹੈ ਕਿ ਅਧਿਆਪਨ ਅਤੇ ਸਿੱਖਣ ਵਿਚ ਵੇਚਣ ਅਤੇ ਖਰੀਦਣ ਵਾਲਾ ਹੀ ਰਿਸ਼ਤਾ ਹੈ। ਜੇ ਕੋਈ ਖਰੀਦੇਗਾ ਨਹੀਂ ਤਾਂ ਕੋਈ ਕੁਝ ਵੇਚ ਸਕਦਾ ਹੈ ਅਤੇ ਵਿਕਣ ਵਾਲੀ ਚੀਜ਼ ਦੀ ਗੁਣਵੱਤਾ ਖਰੀਦਦਾਰ ਤੇ ਹੀ ਨਿਰਭਰ ਕਰਦੀ ਹੈ। ਉਹ ਹੀ ਉਸ ਦੇ ਮਿਆਰਾਂ ਦਾ ਫ਼ੈਸਲਾ ਕਰਦਾ ਹੈ।

(v) ਪੜ੍ਹਾਉਣ ਅਤੇ ਸਿੱਖਣ ਦੇ ਅਮਲ ਵਿਚ ਤਿੰਨ ਚਰ (Variables) ਹੁੰਦੇ ਹਨ : ਸੁਤੰਤਰ ਚਰ (Independent varibales), ਆਸ਼ ਿਤ ਚਰ (Dependent variables) ਅਤੇ ਮਦਾਖਲਤੀ ਜਾਂ ਵਿਚੋਲਾ ਚਰ (Intervening variables)। ਅਧਿਆਪਨ ਦਾ ਸੰਬੰਧ ਪਹਿਲੇ ਚਰ ਨਾਲ ਹੁੰਦਾ ਹੈ ਤੇ ਵਿਦਿਆਰਥੀ ਦਾ ਦੂਜੇ ਨਾਲ। ਸਿੱਖਣਾ ਜਿਸ ਨੂੰ ਪ੍ਰਾਪਤੀ ਕਿਹਾ ਜਾਂਦਾ ਹੈ, ਵਿਚਲਾ ਜਾਂ ਮਦਾਖਲਤੀ ਚਰ ਹੈ। ਇਸ ਦੀ ਨਿਸ਼ਾਨੀ ਵਿਦਿਆਰਥੀ ਦੇ ਵਿਵਹਾਰ ਵਿਚ ਆਈ ਤਬਦੀਲੀ ਹੁੰਦੀ ਹੈ। ਵਿਵਹਾਰ ਆਸ਼੍ਰਿਤ ਚਰ ਹੈ। ਵਿਦਿਆਰਥੀ ਅਤੇ ਅਧਿਆਪਕ ਦੋਵਾਂ ਦੇ ਵਿਵਹਾਰ ਵਿਚ ਕ੍ਰਿਆ ਹੁੰਦੀ ਹੈ, ਬੋਲਣ ਦੀ, ਦੱਸਣ ਦੀ, ਕੁਝ ਕਰਨ ਦੀ ਜਾਂ ਪ੍ਰਗਟਾਉਣ ਦੀ ਪਰ ਇਕੱਲੇ ਵਿਦਿਆਰਥੀ ਦੇ ਵਿਵਹਾਰ ਵਿਚ ਹੀ ਚੇਤੇ ਕਰਨਾ, ਧਾਰਨਾਵਾਂ ਬਣਾਉਣਾ, ਨਤੀਜੇ ਕੱਢਣਾ ਆਦਿ ਹੁੰਦੇ ਹਨ। ਇਸੇ ਨੂੰ ਹੀ ਸਿੱਖਣਾ ਕਿਹਾ ਜਾਂਦਾ ਹੈ।

(vi) ਪੜ੍ਹਾਉਣ-ਸਿੱਖਣ ਦਾ ਅਮਲ ਬਹੁਤ ਹੀ ਗਤੀਸ਼ੀਲ ਹੁੰਦਾ ਹੈ, ਹੈ ਵੀ ਜਟਿਲ। ਇਸ ਵਿਚ ਤੱਥਾਂ ਅਤੇ ਘਟਨਾਵਾਂ ਦਾ ਵਿਸ਼ਲੇਸ਼ਣ ਸਮਾਜਕ ਸੰਦਰਭ ਵਿਚ ਕਰਨਾ ਹੁੰਦਾ ਹੈ।

(vii) ਅਧਿਆਪਨ ਅੰਤਰ-ਕ੍ਰਿਆਵੀ (Interactive) ਹੁੰਦਾ ਹੈ ਜਿਸ ਵਿਚ ਅਧਿਆਪਕ (X) ਵਿਦਿਆਰਥੀ (Y) ਅਤੇ ਵਿਸ਼ਾ-ਵਸਤੂ (Z) ਵਿਚਾਲੇ ਅੰਤਰ-ਕ੍ਰਿਆ ਹੁੰਦੀ ਹੈ। ਇਹ ਕ੍ਰਿਆ ਤਿੰਨ ਪੱਖੀ ਹੁੰਦੀ ਹੈ ਤੇ ਹੁੰਦੀ ਵੀ ਕਾਰਜਸ਼ੀਲ ਹੈ।

**2.1.8 ਸਾਰਾਂਸ਼ :**

ਇਸ ਪਾਠ ਵਿਚ ਅਸੀਂ ਜਾਣਿਆ ਕਿ ਅਧਿਆਪਨ ਉਹ ਪ੍ਰਕ੍ਰਿਆ ਹੈ, ਜਿਹੜੀ ਸਿੱਖਿਆਰਥੀ ਵਿਚ ਸਿੱਖਣ ਨੂੰ ਉੱਤੇਜਿਤ ਕਰਦੀ ਹੈ ਅਤੇ ਸਿੱਖਣਾ ਉਹ ਪ੍ਰਕ੍ਰਿਆ ਹੈ ਜਿਹੜੀ ਬੱਚੇ ਦੇ ਵਾਧੇ, ਵਿਕਾਸ ਅਤੇ ਵਿਵਹਾਰ ਨਿਰਮਾਣ ਲਈ ਜ਼ਿੰਮੇਵਾਰ ਹੁੰਦੀ ਹੈ। ਇਹ ਇਕ ਜੀਵਨ ਭਰ ਚਲਣ ਵਾਲੀ ਪ੍ਰਕ੍ਰਿਆ ਹੈ। ਅਧਿਆਪਨ ਅਤੇ ਸਿੱਖਣ ਦੀ

ਪ੍ਰਕ੍ਰਿਆ ਵਿਚ ਅਧਿਆਪਨ ਦੇ ਸਿਧਾਂਤ ਬਹੁਤ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਅਧਿਆਪਨ ਦੇ ਸਿਧਾਂਤ ਅਧਿਆਪਨ ਸਿੱਖਣ ਪ੍ਰਕ੍ਰਿਆ ਨੂੰ ਚੁਨੌਤੀਪੂਰਨ, ਪ੍ਰੇਰਣਾਪੂਰਣ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੇ ਹਨ। ਅਧਿਆਪਕ ਨੂੰ ਵਿਦਿਆਰਥੀਆਂ ਦੇ ਪੱਧਰ ਤੇ ਉੱਤਰਨਾ ਪੈਂਦਾ ਹੈ ਤਾਂਕਿ ਉਹ ਬੱਚਿਆਂ ਦੇ ਸਿੱਖਣ ਦੇ ਪੱਧਰ ਨੂੰ ਉੱਚਾ ਉਠਾ ਸਕੇ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪੜ੍ਹਨਾ ਅਤੇ ਪੜ੍ਹਾਉਣਾ ਦੋ ਵੱਖਰੀਆਂ ਕ੍ਰਿਆਵਾਂ ਹਨ ਪਰ ਇੱਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ। ਅਧਿਆਪਨ ਇਕ ਅੰਤਰ-ਕ੍ਰਿਆਵੀ ਪ੍ਰਕਿਰਿਆ ਹੈ। ਜਿਸ ਵਿਚ ਅਧਿਆਪਕ, ਵਿਦਿਆਰਥੀ ਅਤੇ ਵਿਸ਼ਾ ਜਮਾਤ ਦੇ ਵਾਤਾਵਰਣ ਵਿਚ ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਹਨ।

**2.1.9 ਮੁੱਖ ਸੰਕਲਪ :**

(1) ਸਿੱਖਣਾ - ਅਨੁਭਵ ਦੁਆਰਾ ਵਿਵਹਾਰ ਵਿਚ ਤਬਦੀਲੀ

(2) ਅਧਿਆਪਨ - ਸਿੱਖਣ ਨੂੰ ਪ੍ਰੋਤਸਾਹਿਤ ਕਰਨਾ, ਇਜ਼ਹਾਰ ਕਰਨਾ, ਸਮਾਨਤਾ ਅਤੇ ਤਾਲਮੇਲ ਰੱਖਣਾ ਹੀ ਅਧਿਆਪਨ ਹੈ।

**2.1.10 ਸੁਝਾਏ ਪ੍ਰਸ਼ਨ :**

(1) ਸਿੱਖਣ ਦੀ ਪਰਿਭਾਸ਼ਾ ਦਿਓ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।

(2) ਸਿੱਖਣ ਪ੍ਰਕ੍ਰਿਆ ਤੋ ਤੁਸੀ ਕੀ ਸਮਝਦੇ ਹੋ? ਵਿਆਖਿਆ ਕਰੋ।

**2.1.11 ਸੁਝਾਈ ਪੁਸਤਕ ਸੂਚੀ :**

1. Elementary Educational Technology - J.C. Aggarwal and S. Gupta
2. Technology of Teaching - R.A. Sharma
3. Teaching Learning Process - Agyajit Singh & Richa Sharma.
4. Educational Technology - T.R. Sharma
5. Educational Psychology - S.K. Mangal.

**2.1.12 ਸਵੈ-ਸਿੱਖਣ ਅਭਿਆਸ :**

ਸਹੀ ਅਤੇ ਗਲਤ ਦੀ ਪਛਾਣ ਕਰੋ।

1. ਸਿੱਖਣਾ ਅਨੁਭਵ ਰਾਹੀਂ ਵਿਵਹਾਰ ਵਿਚ ਤਬਦੀਲੀ ਹੈ।
2. ਬੋਧਾਤਮਕ ਸਿੱਖਣ ਬੱਚੇ ਦੀ ਭਾਵਨਾਵਾਂ ਨਾਲ ਸਬੰਧਿਤ ਹੈ।
3. ਸਿੱਖਣਾ ਅਕ੍ਰਿਆਸ਼ੀਲ ਅਤੇ ਅੰਤਰਣ-ਯੋਗ ਨਹੀਂ ਹੈ।
4. ਅਧਿਆਪਨ ਹਮੇਸ਼ਾਂ ਹੀ ਅਧਿਆਪਕ-ਕੇਂਦਰਿਤ ਹੋਣਾ ਚਾਹੀਦਾ ਹੈ।
5. ਸਿੱਖਣ ਕੇਵਲ ਸਮਾਜਿਕ ਲੋੜਾਂ ਦੁਆਰਾ ਉਤੇਜਿਤ ਹੁੰਦਾ ਹੈ।
6. ਭਾਵਨਾਤਮਕ ਸਿੱਖਣ ਵਿਚ ਗਿਆਨ ਅਤੇ ਸਰੀਰਕ ਕੁਸ਼ਲਤਾਵਾਂ ਸੰਬੰਧੀ ਕ੍ਰਿਆਵਾਂ ਸ਼ਾਮਿਲ ਹੁੰਦੀਆਂ ਹਨ।

ਉੱਤਰ : (1) ਸਹੀ, (2) ਗਲਤ, (3) ਗਲਤ, (4) ਗਲਤ (5) ਗਲਤ, (6) ਗਲਤ

**ਪਾਠ ਨੰ. 1.3** **ਲੇਖਕ : ਡਾ. ਮੰਜੂ ਸੂਦ**

# ਅਧਿਆਪਨ ਅਤੇ ਵਿਦਿਆਰਥੀ ਦੇ ਸੰਬੰਧ ਵਿੱਚ ਵਿਵਹਾਰਵਾਦ, ਗਿਆਨਤਮਕਵਾਦ ਅਤੇ ਰਚਨਾਤਮਕਵਾਦ

**ਪਾਠ ਦੀ ਸੰਰਚਨਾ**

**3.1.1 ਉਦੇਸ਼**
**3.1.2 ਜਾਣ ਪਛਾਣ**
**3.1.3 ਵਿਵਹਾਰਵਾਦ**
**3.1.3.1.1 ਵਿਵਹਾਰਵਾਦ ਦਾ ਅਰਥ ਅਤੇ ਪਰਿਭਾਸ਼ਾ**
**3.1.3.1.2 ਵਿਵਹਾਰਵਾਦ ਦੀ ਧਾਰਨਾ**
**3.1.3.1.3 ਵਿਵਹਾਰਵਾਦ ਦੇ ਅਧਿਆਪਨ ਅਤੇ ਸਿੱਖਣ ਤੇ ਪ੍ਰਭਾਵ**
**3.1.4 ਗਿਆਨਤਮਕਵਾਦ**
**3.1.4.1 ਗਿਆਨਤਮਕਵਾਦ ਦਾ ਅਰਥ ਅਤੇ ਪਰਿਭਾਸ਼ਾ**
**3.1.4.2 ਗਿਆਨਤਮਕਵਾਦ ਦੀ ਧਾਰਨਾ**
**3.1.4.3 ਗਿਆਨਤਮਕਵਾਦ ਦਾ ਅਧਿਆਪਨ ਅਤੇ ਸਿੱਖਣ ਤੇ ਪ੍ਰਭਾਵ**
**3.1.5 ਰਚਨਾਤਮਕਵਾਦ**
**3.1.5.1 ਰਚਨਾਤਮਕਵਾਦ ਦਾ ਅਰਥ ਅਤੇ ਪਰਿਭਾਸ਼ਾ**
**3.1.5.2 ਰਚਨਾਤਮਕਵਾਦ ਦੀ ਧਾਰਨਾ**
**3.1.5.3 ਰਚਨਾਤਮਕਵਾਦ ਦੇ ਅਧਿਆਪਨ ਅਤੇ ਸਿੱਖਣ ਤੇ ਪ੍ਰਭਾਵ**
**3.1.6 ਸਾਰ**
**3.1.7 ਸ਼ਬਦ-ਕੁੰਜੀ**
**3.1.8 ਸੁਝਾਏ ਗਏ ਪ੍ਰਸ਼ਨ**
**3.1.9 ਪੜ੍ਹਨ ਸਮੱਗਰੀ ਸੁਝਾਅ**
**3.1.10 ਸਵੈ-ਚੈੱਕ ਅਭਿਆਸ**

## 3.1.1 ਪਾਠ ਦੇ ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ :

1. ਵਿਵਹਾਰਵਾਦ, ਗਿਆਨਤਮਕਵਾਦ ਅਤੇ ਰਚਨਾਤਮਕਵਾਦ ਦਾ ਅਰਥ ਲਿਖ ਸਕਣਗੇ।
2. ਵਿਵਹਾਰਵਾਦ, ਗਿਆਨਤਮਕਵਾਦ ਅਤੇ ਰਚਨਾਤਮਕਵਾਦ ਦੀ ਪਰਿਭਾਸ਼ਾਵਾਂ ਦੱਸਣਯੋਗ ਹੋਣਗੇ।
3. ਵਿਵਹਾਰਵਾਦ, ਗਿਆਨਤਮਕਵਾਦ ਅਤੇ ਰਚਨਾਤਮਕਵਾਦ ਦੀ ਧਾਰਨਾਵਾਂ ਦੀ ਵਿਆਖਿਆ ਕਰ ਸਕਣਗੇ।
4. ਵਿਵਹਾਰਵਾਦ, ਗਿਆਨਤਮਕਵਾਦ ਅਤੇ ਰਚਨਾਤਮਕਵਾਦ ਦੀ ਧਾਰਨਾਵਾਂ ਨੂੰ ਅਧਿਆਪਨ ਅਤੇ ਸਿੱਖਣ ਦੇ ਸੰਬੰਧ ਵਿਚ ਵਿਆਖਿਆ ਕਰ ਸਕਣਗੇ।

5. ਵਿਵਹਾਰਵਾਦ, ਗਿਆਨਤਮਕਵਾਦ ਅਤੇ ਰਚਨਾਤਮਕਵਾਦ ਦੀ ਧਾਰਨਾਵਾਂ ਨੂੰ ਪੜ੍ਹਾਈ ਜਾਣ ਵਾਲੀਆਂ ਜਮਾਤਾਂ ਵਿੱਚ ਅਧਿਆਪਨ-ਸਿੱਖਣ ਨੂੰ ਵਧੀਆ ਬਣਾਉਣ ਲਈ ਲਾਗੂ ਕਰਨਾ।

### 3.1.2 ਪਾਠ ਦੀ ਜਾਣ ਪਛਾਣ :

ਅਧਿਆਪਨ-ਸਿੱਖਣ ਪ੍ਰਕਿਰਿਆ ਦੀ ਸਮਝ ਇੱਕ ਅਧਿਆਪਕ ਲਈ ਬਹੁਤ ਹੀ ਮਹੱਤਵਪੂਰਣ ਹੈ ਕਿਉਂਕਿ ਇਹ ਅਧਿਆਪਨ ਅਤੇ ਸਿੱਖਣ ਦੇ ਪ੍ਰਭਾਵ ਨੂੰ ਵਧਾਉਣ ਲਈ ਲਾਹੇਵੰਦ ਹੈ। ਅਧਿਆਪਨ-ਸਿੱਖਣ ਸਿਧਾਂਤ ਵਿਦਿਆਰਥੀਆਂ ਦੇ ਸਿੱਖਣ ਦੀ ਪ੍ਰਕਿਰਿਆ ਲਈ ਇੱਕ ਆਧਾਰ ਮੁਹੱਈਆ ਕਰਦੇ ਹਨ। ਹਰ ਸਿਧਾਂਤਕ ਨਜ਼ਰੀਆ ਸਿੱਖਣ ਪ੍ਰਕਿਰਿਆ ਲਈ ਲਾਹੇਵੰਦ ਹੈ ਪਰ ਹਰ ਸਿਧਾਂਤਕ-ਨਜ਼ਰੀਏ ਨੂੰ ਸਿੱਖਣ-ਸਥਿਤੀਆਂ, ਕਾਰਗੁਜ਼ਾਰੀ ਦੇ ਟੀਚੇ ਅਤੇ ਸਿਖਿਆਰਥੀ ਦੇ ਸੰਬੰਧ ਵਿੱਚ ਸਮਝਣਾ ਜ਼ਰੂਰੀ ਹੈ। ਸਿੱਖਣ ਪ੍ਰਕਿਰਿਆ ਨੂੰ ਸਮਝਣ ਲਈ ਵਿਵਹਾਰਵਾਦ (Behaviourism), ਗਿਆਨਤਮਕਵਾਦ (Cognitivism) ਅਤੇ ਰਚਨਾਤਮਕਵਾਦ (Constructivism) ਵੱਖ-ਵੱਖ ਸਿੱਖਣ ਪਹੁੰਚਾ ਹਨ।

### 3.1.3 ਵਿਵਹਾਰਵਾਦ (Behaviourism) :

ਵਿਵਹਾਰਵਾਦ ਇੱਕ ਜਾਨਵਰ ਅਤੇ ਮਨੁੱਖੀ ਸਿੱਖਣ-ਸਿਧਾਂਤ ਹੈ ਜੋ ਕਿ ਨਿਰਪੱਖ ਅਤੇ ਦੇਖਣ-ਯੋਗ ਵਤੀਰੇ ਜਾਂ ਵਿਵਹਾਰ ਤੇ ਜ਼ੋਰ ਦਿੰਦੀ ਹੈ ਅਤੇ ਮਾਨਸਿਕ ਪ੍ਰਕਿਰਿਆਵਾਂ ਨੂੰ ਅਣਡਿੱਠਾ ਕਰਦੀ ਹੈ।

### 3.1.3.1 ਵਿਵਹਾਰਵਾਦ ਦਾ ਅਰਥ ਅਤੇ ਪਰਿਭਾਸ਼ਾ :

ਵਿਵਹਾਰਵਾਦ ਨੂੰ ਸਮਝਣ ਲਈ ਵਿਵਹਾਰ ਨੂੰ ਸਮਝਣਾ ਬਹੁਤ ਜਰੂਰੀ ਹੈ। ਵਿਵਹਾਰ ਦਾ ਅਰਥ ਹੈ - ਕਿਸੇ ਜੀਵ ਦੀ ਉਹ ਕਿਰਿਆ ਜੋ ਕਿਸੇ ਦੂਜੇ ਵਿਅਕਤੀ ਜਾਂ ਜੀਵ ਦੁਆਰਾ ਦੇਖੀ ਜਾਂ ਮਾਪੀ ਜਾ ਸਕੇ। ਵਿਵਹਾਰਵਾਦੀ ਸਿਧਾਂਤਕਾਂ ਅਨੁਸਾਰ ਸਿੱਖਣ ਪ੍ਰਕਿਰਿਆ ਨਵੇਂ ਵਿਵਹਾਰ ਨੂੰ ਸਿੱਖਣ ਲਈ ਉਤੇਜਨ (Stimulus) ਅਤੇ ਪ੍ਰਤੀਕਿਰਿਆ (Response) ਦੇ ਜੋੜਨ ਦੀ ਮਸ਼ੀਨੀ ਪ੍ਰਕਿਰਿਆ ਤੋਂ ਵੱਧ ਕੁੱਝ ਵੀ ਨਹੀਂ ਹੈ। ਬੀ. ਐੱਫ. ਸਕਿੱਨਰ (B.F. Skinner) ਅਨੁਸਾਰ, ''ਵਿਵਹਾਰਵਾਦ ਵਿਵਹਾਰ ਦੇ ਵਿਗਿਆਨ ਦੀ ਫ਼ਿਲਾਸਫ਼ੀ ਹੈ।''

### 3.1.3.2 ਵਿਵਹਾਰਵਾਦ ਦੀ ਧਾਰਣਾ :

ਵਿਵਹਾਰਵਾਦੀ ਪੈਵਲੋਵ (1849-1936) ਨੇ ਉਸ ਦੁਆਰਾ ਕੀਤੇ ਗਏ ਪ੍ਰਯੋਗ, ਜੋ ਕਿ ਕੁੱਤੇ ਨੂੰ ਭੋਜਨ ਦੇਣ ਨਾਲ ਉਸ ਦੇ ਮੂੰਹ ਤੋਂ ਲਾਰ ਟਪਕਣਾ, ਤੋਂ ਵਿਵਹਾਰਵਾਦ ਦੀ ਸ਼ੁਰੂਆਤ ਹੋਈ। ਵਿਵਹਾਰਵਾਦੀ ਵਾਟਸਨ ਅਤੇ ਸਕਿੱਨਰ ਨੇ ਵਿਵਹਾਰਵਾਦ ਵਿੱਚ ਨਿਰਪੱਖਤਾ ਤੇ ਜ਼ੋਰ ਦਿੱਤਾ। ਉਨ੍ਹਾਂ ਦੁਆਰਾ ਦਿੱਤੇ ਸਿਧਾਂਤ ਨੂੰ ਅਨੁਕੂਲਨ (Operant Conditioning) ਦਾ ਨਾਂ ਦਿੱਤਾ ਗਿਆ ਹੈ। ਵਿਵਹਾਰਵਾਦੀਆਂ ਅਨੁਸਾਰ ਸਿੱਖਿਆਰਥੀ ਇੱਕ ਉਦਾਸੀਨ (Passive) ਵਿਅਕਤੀ ਹੈ ਜੋ ਕਿਸੇ ਉਤੇਜਕ ਪ੍ਰਤੀ ਅਨੁਕਿਰਿਆ ਕਰਦਾ ਹੈ। ਵਿਵਹਾਰਵਾਦੀ ਵਿਵਹਾਰ-ਵਾਤਾਵਰਣ ਸੰਬੰਧਾਂ ਤੇ ਕੇਂਦਰਿਤ ਹਨ ਅਤੇ ਵਿਵਹਾਰ ਨੂੰ ਜੀਵ ਦੇ ਵਾਤਾਵਰਣ ਨਾਲ ਅੰਤਰ-ਸੰਬੰਧਾਂ ਦੇ ਰੂਪ ਵਿੱਚ ਵੇਖਦੇ ਹਨ। ਵਿਵਹਾਰਵਾਦੀ ਅਨੁਕੂਲਨ ਨੂੰ ਇੱਕ ਸਰਵ-ਵਿਆਪਕ ਸਿੱਖਣ ਪ੍ਰਕਿਰਿਆ ਮੰਨਦੇ ਹਨ। ਅਨੁਕੂਲਨ ਦੀਆਂ ਦੋ ਕਿਸਮਾਂ ਹਨ :-

**1. ਕਲਾਸਿਕਲ ਅਨੁਕੂਲਨ (Classical Conditioning) :**

ਜਦੋਂ ਕੋਈ ਕੁਦਰਤੀ ਅੰਤਰ-ਮੁੱਖੀ ਗਤੀ (reflex) ਕਿਸੇ ਉਤੇਜਕ ਪ੍ਰਤੀ ਹੁੰਦਾ ਹੈ ਤਾਂ ਇਹ ਕਲਾਸੀਕਲ ਅਨੁਕੂਲਨ (Classical Conditioning) ਅਖਵਾਉਂਦਾ ਹੈ :

ਭੋਜਨ ਖਾਣ ਜਾਂ ਵੇਖਣ ਤੇ ਕੁੱਤੇ ਦੇ ਮੂੰਹ ਤੋਂ ਲਾਰ ਟੱਪਕਣਾ (ਪੈਵਲੋਵ ਦੁਅਰਾ ਕੀਤਾ ਪ੍ਰਯੋਗ)

**2. ਵਿਵਹਾਰਕ ਅਨੁਕੂਲਨ (Operant Conditioning) :**

ਜਦੋਂ ਕਿਸੇ ਉਤੇਜਕ ਪ੍ਰਤੀ ਹੋਈ ਪ੍ਰਤਿਕਿਰਿਆ ਨੂੰ ਪੁੱਨਰਬਲਨ ਕੀਤਾ ਜਾਂਦਾ ਹੈ ਤਾਂ ਇਹ ਵਿਵਹਾਰਕ ਅਨੁਕੂਲਨ ਕਹਿਲਾਂਦਾ ਹੈ। ਵਿਵਹਾਰਕ ਅਨੁਕੂਲਨ ਅਸਲ ਵਿੱਚ ਇੱਕ ਸਾਧਾਰਣ ਪ੍ਰਤੀਪੁਸ਼ਟੀ (Feedback) ਸਿਸਟਮ ਹੈ। ਉਦਾਹਰਣ ਵਜੋਂ : ਜੇ ਕਿਸੇ ਉਤੇਜਕ ਦੀ ਪ੍ਰਤਿਕਿਰਿਆ ਤੋਂ ਬਾਅਦ ਇਨਾਮ ਜਾਂ ਪ੍ਰਤੀਪੁਸ਼ਟੀ ਮਿਲਦੀ ਹੈ ਤਾਂ ਭਵਿੱਖ ਵਿੱਚ ਅਜਿਹੀ ਪ੍ਰਤੀਕਿਰਿਆ ਦੀ ਸੰਭਾਵਨਾ ਵੱਧ ਜਾਂਦੀ ਹੈ ਜਦ ਕਿ ਪ੍ਰਤੀਕਿਰਿਆ ਤੋਂ ਬਾਦ ਸਜ਼ਾ ਮਿਲਣਾ ਅਜਿਹੀ ਪ੍ਰਤੀਕਿਰਿਆ ਦੀ ਸੰਭਾਵਨਾ ਘੱਟ ਜਾਂਦੀ ਹੈ।

**ਵਿਵਹਾਰਵਾਦ ਸਿਧਾਂਤ ਦੇ ਸਿੱਖਣ ਸੰਬੰਧੀ ਮੁੱਖ ਗੁਣ (Characteristics) :**

1. ਸਿੱਖਣਾ ਵਿਵਹਾਰ ਵਿੱਚ ਬਦਲਾਅ ਲਿਆਉਂਦਾ ਹੈ।
2. ਸਿੱਖਣਾ, ਵਿਅਕਤੀ ਅਤੇ ਵਾਤਾਵਰਣ ਵਿਚਕਾਰ ਨਿਰੰਤਰ ਅੰਤਰ-ਸੰਬੰਧਾਂ ਦਾ ਨਤੀਜਾ ਹੈ।
3. ਵਿਵਹਾਰ ਸੰਬੰਧੀ ਬਦਲਾਅ ਨਿਰਪੱਖ ਤੌਰ ਤੇ ਵੇਖੇ ਜਾ ਸਕਦੇ ਹਨ।
4. ਵਿਵਹਾਰਵਾਦੀ ਮੁੱਖ ਤੌਰ ਤੇ ਵਾਤਾਵਰਣ ਤੇ ਜ਼ੋਰ ਦਿੰਦੇ ਹਨ।
5. ਵਿਵਹਾਰਵਾਦੀ ਵਾਤਾਵਰਣ ਨੂੰ ਵੰਸ਼ਾਨੁਗਤਾ (heredity) ਨਾਲੋਂ ਵਧੇਰੇ ਮਹੱਤਵ ਦਿੰਦੇ ਹਨ।
6. ਵਿਵਹਾਰ ਨੂੰ ਅਨੁਕੂਲਨ ਦੁਆਰਾ ਸਮਝਿਆ ਜਾ ਸਕਦਾ ਹੈ।
7. ਅਨੁਕੂਲਨ ਉਤੇਜਕ-ਪ੍ਰਤੀਕਿਰਿਆ ਸੰਬੰਧਾਂ ਤੋਂ ਬਣਿਆ ਹੈ।
8. ਵਿਵਹਾਰ ਅਤੇ ਅਨੁਕੂਲਨ ਨੂੰ ਸਮਝਣ ਲਈ ਵਿਗਿਆਨਕ (Scientific) ਅਤੇ ਨਿਰਪੱਖ (Objective) ਤਰੀਕਾ ਅਪਣਾਇਆ ਜਾ ਸਕਦਾ ਹੈ।
9. ਸਿੱਖਣ ਦਾ ਮੁੱਖ ਤਰੀਕਾ ਅਨੁਕੂਲਨ ਹੈ।
10. ਗਿਆਨ ਦੀ ਇੱਕ ਇਕਾਈ ਦਾ ਦੂਜੀ ਇਕਾਈ ਨਾਲ ਜੁੜਨਾ, ਉਹਨਾਂ ਵਿੱਚ ਸਮਾਨਤਾ ਜਾਂ ਅੰਤਰਾਂ ਦੇ ਆਧਾਰ ਤੇ ਹੁੰਦਾ ਹੈ।

### 3.1.3.3 ਵਿਵਹਾਰਵਾਦ ਦਾ ਅਧਿਆਪਨ-ਸਿੱਖਣ ਪ੍ਰਕਿਰਿਆ ਤੇ ਪ੍ਰਭਾਵ (Implications) :

ਅਧਿਆਪਕ ਵਿਦਿਆਰਥੀਆਂ ਦੇ ਸਿੱਖਣ ਲਈ ਅਧਿਆਪਨ ਸਿੱਖਿਅਕ ਵਾਤਾਵਰਣ ਤਿਆਰ ਕਰਦਾ ਹੈ। ਅਧਿਆਪਕ ਸਕਾਰਾਤਮਕ ਅਤੇ ਨਕਾਰਾਤਮਕ ਪ੍ਰੋਤਸ਼ਾਹਨ (reinforcement) ਦੁਆਰਾ ਬੱਚੇ ਦਾ ਵਿਵਹਾਰ ਬਣਾਉਂਦਾ ਹੈ। ਅਧਿਆਪਕ ਜਾਣਕਾਰੀ ਪ੍ਰਦਾਨ ਕਰਦਾ ਹੈ ਜੋ ਇੱਕ ਉਤੇਜਕ ਦਾ ਕੰਮ ਕਰਦੀ ਹੈ ਅਤੇ ਵਿਦਿਆਰਥੀ ਉਸ ਜਾਣਕਾਰੀ ਨੂੰ ਗ੍ਰਹਿਣ ਕਰਨ ਦਾ ਸੰਕੇਤ ਦਿੰਦੇ ਹਨ ਜੋ ਪ੍ਰਤੀਪੁਸ਼ਟੀ ਹੈ। ਵਿਵਹਾਰਵਾਦ ਵਿੱਚ ਸਿਖਿਆਰਥੀ ਉਦਾਸੀਨ ਹੁੰਦੇ ਹਨ ਕਿਉਂਕਿ ਉਹ ਕੇਵਲ ਉਤੇਜਕ ਨੂੰ ਹੀ ਪ੍ਰਤੀਕਿਰਿਆ ਦਿੰਦੇ ਹਨ। ਵਿਵਹਾਰਵਾਦ ਦਾ ਅਧਿਆਪਨ-ਸਿੱਖਿਆ ਪ੍ਰਕਿਰਿਆ ਵਿਚ ਪ੍ਰਭਾਵ (implications) ਇਸ ਪ੍ਰਕਾਰ ਹਨ :-

1. ਵਿਵਹਾਰਵਾਦ ਨੇ ਪ੍ਰੇਰਣਾ ਨੂੰ ਸਿੱਖਣ-ਅਧਿਆਪਨ ਪ੍ਰਕਿਰਿਆ ਵਿੱਚ ਮਹੱਤਵਪੂਰਣ ਸਥਾਨ ਦਿੱਤਾ ਹੈ। ਇੱਕ ਅਧਿਆਪਕ ਪ੍ਰੇਰਣਾ ਦੁਆਰਾ ਹੀ ਸਿੱਖਿਆ ਨੂੰ ਪ੍ਰਭਾਵਸ਼ਾਲੀ ਬਣਾ ਸਕਦਾ ਹੈ।
2. ਵਿਵਹਾਰਵਾਦ ਨੇ ਮਨੁੱਖੀ ਵਿਵਹਾਰ ਨੂੰ ਮਾਨਸਿਕ ਪ੍ਰਕਿਰਿਆ ਤੋਂ ਦੂਰ ਕਰ ਦਿੱਤਾ ਹੈ।
3. ਇਸ ਨੇ ਮਨੋਵਿਗਿਆਨ ਦੇ ਖੇਤਰਾਂ ਜਿਵੇਂ ਭਾਵਨਾਵਾਂ ਅਤੇ ਬੱਚਿਆਂ ਦੇ ਵਰਤਾਉ ਆਦਿ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਸ ਨੇ ਬੱਚਿਆਂ ਦੀਆਂ ਭਾਵਨਾਵਾਂ ਸਮਝਣ ਲਈ ਯੋਗਦਾਨ ਦਿੱਤਾ ਹੈ। ਇਸ ਲਈ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਸਾਹਮਣੇ ਆਪਣੇ ਆਪ ਨੂੰ ਭਾਵਨਾਤਮਕ ਤੌਰ ਤੇ ਮਜ਼ਬੂਤ ਸਿੱਧ ਕਰੇ।
4. ਇਸਨੇ ਅਧਿਆਪਨ ਦਾ ਨਵਾਂ ਢੰਗ ਦਿੱਤਾ ਹੈ ਜਿਸਨੂੰ 'ਯੋਜਨਾ ਸਿੱਖਣਾ' (Programmed Learning) ਵੀ ਕਿਹਾ ਜਾਂਦਾ ਹੈ। ਇਸਦਾ ਪ੍ਰਯੋਗ ਬਹੁਤ ਸਾਰੇ ਦੇਸ਼ਾਂ ਵਿਚ ਸਫ਼ਲਤਾਪੂਰਵਕ ਕੀਤਾ ਗਿਆ ਹੈ।
5. ਇਹ ਵਾਤਾਵਰਨ ਦੀ ਮਹੱਤਤਾ ਅਤੇ ਇਸਦੇ ਮਨੁੱਖੀ ਵਾਧੇ 'ਤੇ ਪੈਣ ਵਾਲੇ ਪ੍ਰਭਾਵਾਂ 'ਤੇ ਜ਼ੋਰ ਦਿੰਦਾ ਹੈ।
6. ਇਹ ਵਿਸ਼ਵਾਸ਼ ਕਰਦਾ ਹੈ ਕਿ ਹਰੇਕ ਤਰ੍ਹਾਂ ਦਾ ਵਿਵਹਾਰ ਵਾਤਾਵਰਨ ਨਾਲ ਹੋ ਰਹੀ ਲਗਾਤਾਰ ਅੰਤਰਕ੍ਰਿਆ ਨਾਲ ਸਿਖਿਆ ਜਾਂਦਾ ਹੈ। ਇਸ ਲਈ ਅਧਿਆਪਕ ਨੂੰ ਚੰਗਾ ਵਾਤਾਵਰਨ ਪ੍ਰਦਾਨ ਕਰਨਾ ਚਾਹੀਦਾ ਹੈ।
7. ਇਸਨੇ ਬੱਚਿਆਂ ਵਿਚ ਅਪਸਮਾਯੋਜਨ ਨੂੰ ਦੂਰ ਕਰਨ ਦੇ ਨਵੇਂ ਢੰਗ ਅਤੇ ਤਕਨੀਕਾਂ ਵਿਕਸਿਤ ਕੀਤੀਆਂ ਹਨ। Persival Symonds ਨੇ ਅਧਿਆਪਨ ਅਤੇ ਸਿੱਖਣ ਦੇ ਵਿਵਹਾਰਵਾਦ ਨੂੰ ਇਸ ਤਰ੍ਹਾਂ ਲਾਗੂ ਕੀਤਾ ਹੈ, ''ਜਮਾਤ ਵਿੱਚ ਸਿੱਖਣ ਦਾ ਸਭ ਤੋਂ ਚੰਗਾ ਇਨਾਮ ਅਧਿਆਪਕਾਂ ਦੀ ਸਵੀਕ੍ਰਿਤੀ ਹੈ ਕਿ ਬੱਚਾ ਕੀ ਅਤੇ ਕਿਸ ਤਰੀਕੇ ਨਾਲ ਕੋਈ ਕੰਮ ਕਰਦਾ ਹੈ ਕਿਉਂਕਿ ਇਹੀ ਸਵੀਕ੍ਰਿਤੀ ਭਵਿੱਖ ਵਿਚ ਉਸਦਾ ਮਾਰਗ-ਦਰਸ਼ਨ ਕਰੇਗੀ।''
8. ਅਧਿਆਪਕ ਨੂੰ ਸਿੱਖਣ ਉਦੇਸ਼ਾਂ ਨੂੰ ਖਾਸ ਤੌਰ 'ਤੇ ਵਿਵਹਾਰ ਦੇ ਸੰਦਰਭ ਵਿਚ ਪਰਿਭਾਸ਼ਿਤ ਕਰਨਾ ਚਾਹੀਦਾ ਹੈ।

9. ਉਦੇਸ਼ਾਂ ਦੀ ਵਿਵਸਥਾ ਦਾ ਕ੍ਰਮ ਹਮੇਸ਼ਾ ਸੌਖੇ ਤੋਂ ਔਖੇ ਵੱਲ ਨੂੰ ਹੋਣਾ ਚਾਹੀਦਾ ਹੈ।
10. ਜਮਾਤ ਵਿੱਚ ਵਿਦਿਆਰਥੀ ਵਿਚ ਇਛਿਤ ਵਿਵਹਾਰ ਲਿਆਉਣ ਲਈ ਅਤੇ ਅਣਇਛਿਤ ਵਿਵਹਾਰ ਖਤਮ ਕਰਨ ਲਈ ਅਧਿਆਪਕ ਤਕਨੀਕ ਜਾਂ ਸਜ਼ਾ ਦਾ ਸਹਾਰਾ ਲੈ ਸਕਦਾ ਹੈ।
11. ਸਫ਼ਲਤਾ ਦਾ ਨਤੀਜਾ ਅਸਾਨੀ ਨਾਲ ਮਾਪਿਆ ਜਾਂਦਾ ਹੈ।
12. ਇਹ ਸਿੱਖਣ ਦੀ ਖਾਸ ਕਿਸਮ ਦੀ ਗਾਰੰਟੀ ਦਿੰਦਾ ਹੈ।
13. ਵਿਵਹਾਰ ਆਸਾਨੀ ਨਾਲ ਸਿੱਖਣ ਨੂੰ ਲਾਗੂ ਕੀਤਾ ਜਾ ਸਕਦਾ ਹੈ।

**ਛੋਟੇ ਪ੍ਰਸ਼ਠ :-**

1. ਵਿਵਹਾਰਵਾਦ ਕੀ ਹੁੰਦਾ ਹੈ ?
2. ਵਿਵਹਾਰਵਾਦ ਦੀਆਂ ਕੋਈ ਪੰਜ ਵਿਸ਼ੇਸ਼ਤਾਈਆਂ ਦੱਸੋ।
3. ਅਧਿਆਪਨ ਅਤੇ ਸਿੱਖਣ ਵਿਚ ਵਿਵਹਾਰਵਾਦ ਦੇ ਕੋਈ ਪੰਜ ਪ੍ਰਭਾਵ ਦੱਸੋ।

### 3.1.4 ਗਿਆਨਾਤਮਕਵਾਦ (Cognitivism) :

ਤਿੰਨ ਜਰਮਨ ਮਨੋਵਿਗਿਆਨਿਕ-ਮੈਕਸ ਵਰਦਾਈਮਰ, ਕੁਰਤ ਕੋਫ਼ਕਾ ਅਤੇ ਵੋਫ਼ਗੈਂਗ ਕੋਹਲਰ ਵਿਵਹਾਰ ਦੇ ਅਣੂ ਅਤੇ ਪਰਮਾਣੂ ਪਹੁੰਚਾਂ ਤੋਂ ਅਸੰਤੁਸ਼ਟ ਸਨ। ਉਹ ਮਨੁੱਖ ਦੀਆਂ ਆਂਤਰਿਕ ਪ੍ਰਕ੍ਰਿਆਵਾਂ ਨੂੰ ਅਧਿਐਨ ਦਾ ਸਪਸ਼ਟ ਵਿਸ਼ਾ ਮੰਨਦੇ ਸਨ। ਉਹ ਮੰਨਦੇ ਸਨ ਕਿ ਸੰਸਾਰ ਪ੍ਰਤੀ ਸਾਡਾ ਪ੍ਰਤੱਖੀਕਰਨ ਅਰਥ-ਭਰਪੂਰ ਹੈ ਅਤੇ ਇਹ ਸਾਡੀਆਂ ਸੰਵੇਦਨਾਵਾਂ, ਚਿੱਤਰ ਜਾਂ ਵਿਚਾਰਾਂ ਤੋਂ ਕੁਝ ਜਿਆਦਾ ਜਾਂ ਵੱਖਰਾ ਹੈ। ਉਹਨਾਂ ਨੇ ਵਿਵਹਾਰ ਦੀ ਸਾਧਾਰਨ ਵਿਆਖਿਆ ਉਤੇਜਕ-ਅਨੁਕ੍ਰਿਆ ਸੰਬੰਧ ਨੂੰ ਰੱਦ ਕਰ ਦਿੱਤਾ। ਉਹਨਾਂ ਨੇ ਵਿਵਹਾਰਵਾਦੀਆਂ ਅਤੇ ਗੈਸਟਾਲਟ ਮਨੋਵਿਗਿਆਨੀਆਂ ਦੁਆਰਾ ਵਿਕਸਿਤ ਪਹੁੰਚ ਉਤੇਜਕ-ਅਨੁਕ੍ਰਿਆ ਵਿਚਕਾਰ ਸੰਗਠਨ ਦੀ ਧਾਰਨਾ ਨਾਲ ਜਾਣ-ਪਛਾਣ ਕਰਵਾਈ। ਗੈਸਟਾਲਟ ਮਨੋਵਿਗਿਆਨੀਆਂ ਦੇ ਅਨੁਸਾਰ ਅਸੀਂ ਜੋ ਵੀ ਸਿਖਦੇ ਹਾਂ, ਉਹ ਕਿਸੇ ਤਜ਼ਰਬਿਆਂ ਨਾਲ ਸੰਬੰਧਿਤ ਨਹੀਂ ਹੁੰਦੇ ਬਲਕਿ ਉਹ ਨਵੇਂ-ਨਵੇਂ ਪੈਟਰਨਾਂ ਨੂੰ ਦੇਖਕੇ ਅਤੇ ਕੁਲ ਪਰਸਤਿੀ ਵਿਚੋਂ ਅਰਥਪੂਰਨ Whole (ਹੋਲ) ਨੂੰ ਸੰਗਠਿਤ ਕਰਕੇ ਪ੍ਰਾਪਤ ਕਰਦੇ ਹਾਂ। ਜਦੋਂ ਅਸੀਂ ਕਿਸੇ ਸਮੱਸਿਆ ਵਿੱਚ ਘਿਰੇ ਹੁੰਦੇ ਹਾਂ ਤਾਂ ਸਾਨੂੰ ਅਚਾਨਕ ਉਸ ਸਮੱਸਿਆ ਦਾ ਹੱਲ ਲੱਭ ਜਾਂਦਾ ਹੈ। ਸਾਡੇ ਪ੍ਰਤੱਖੀਕਰਨ ਵਿਚ ਅਚਾਨਕ ਆਈ ਤਬਦੀਲੀ ਅੰਤਰਦ੍ਰਿਸ਼ਟੀ (insight) ਕਹਾਉਂਦੀ ਹੈ। ਉਹ ਵਿਵਹਾਰ ਦੀ ਮਸ਼ੀਨੀ ਪਹੁੰਚ ਦੇ ਵਿਰੋਧੀ ਸਨ ਅਤੇ ਵਿਵਹਾਰ ਦੇ ਆਂਕੜਿਆਂ ਦੇ ਵਿਸ਼ਲੇਸ਼ਣ ਦੀ ਵਰਤੋਂ ਦੀ ਆਲੋਚਨਾ ਕਰਦੇ ਸਨ। ਉਹ ਬਹਿਸ ਕਰਦੇ ਹਨ ਕਿ ਸਾਰਾ ਸਿੱਖਣਾ ਵਿਵਹਾਰ ਵਿਚ ਤਬਦੀਲੀ ਨਾਲ ਨਹੀਂ ਆ ਸਕਦਾ। ਗਿਆਨਾਤਮਕਵਾਦ ਵਿੱਚ ਮੁੱਖ ਤੱਥ ਅੰਤਰਦ੍ਰਿਸ਼ਟੀ ਦਾ ਹੀ ਵਿਕਾਸ ਹੈ।

### 3.1.4.1 ਗਿਆਨਾਤਮਕਵਾਦ ਦਾ ਅਰਥ ਅਤੇ ਪਰਿਭਾਸ਼ਾ :

'ਗਿਆਨਾਤਮਿਕਵਾਦ' ਸ਼ਬਦ 'ਗਿਆਨਾਤਮਿਕਤਾ' ਤੋਂ ਲਿਆ ਗਿਆ ਹੈ। ਆਓ, ਪਹਿਲਾਂ ਅਸੀਂ 'ਗਿਆਨਾਤਮਿਕਤਾ' ਸ਼ਬਦ ਬਾਰੇ ਜਾਣੀਏ।

**ਗਿਆਨਾਤਮਿਕਤਾ (Cognition) :** ਗਿਆਨਾਤਮਿਕਤਾ ਇੱਕ ਮਾਨਸਿਕ ਪ੍ਰਕ੍ਰਿਆ ਹੈ। ਇਹ ਇੱਕ ਕਲਾ ਹੈ ਜਿਸ ਰਾਹੀਂ ਜਾਨਣ ਵਾਲਾ ਅਸਲ ਵਿੱਚ ਚੀਜਾਂ ਬਾਰੇ ਜਾਣਦਾ ਹੈ। ਕਿਸੇ ਵੀ ਚੀਜ ਬਾਰੇ ਜਾਨਣਾ ਅਸੰਭਵ ਹੈ ਜਦੋਂ ਤੱਕ ਉਸ ਚੀਜ਼ ਦੇ ਅਮੂਰਤ ਰੂਪ ਦਾ ਸਾਨੂੰ ਗਿਆਨ ਨਹੀਂ ਹੈ। ਗਿਆਨਾਤਮਿਕਤਾ ਇੱਕ ਮਾਨਸਿਕ ਪ੍ਰਕ੍ਰਿਆ ਹੈ ਜੋ ਕਿ ਸੰਵੇਦਨਾਵਾਂ ਨੂੰ ਵੱਖ-ਵੱਖ ਕੋਡਾਂ ਰਾਹੀਂ ਅੰਦਰ ਭੇਜਦੀ ਹੈ, ਇਸਨੂੰ ਯਾਦਦਾਸ਼ਤ ਵਿੱਚ ਸਟੋਰ ਕਰ ਲਿਆ ਜਾਂਦਾ ਹੈ ਅਤੇ ਫਿਰ ਤੋਂ ਪ੍ਰਯੋਗ ਕਰਨ ਦੇ ਲਈ ਇਸਨੂੰ ਪ੍ਰਾਪਤ ਕਰਦਾ ਹੈ। ਪ੍ਰਤੱਖੀਕਰਨ, ਪ੍ਰਤੀਬਿੰਬ ਅਤੇ ਚਿੰਤਨ ਇਹ ਸਾਰੀਆਂ ਧਾਰਨਾਵਾਂ ਹਨ ਜੋ ਕਿ ਗਿਆਨਾਤਮਿਕਤਾ ਦੀ ਕਾਲਪਨਿਕ ਪੜਾਅ ਦਾ ਵਰਨਣ ਕਰਦੇ ਹਨ। ਗਿਆਨਾਤਮਿਕਤਾ ਜਾਨਣ ਲਈ ਹੈ। ਕਿਸੇ ਵੀ ਕੰਮ ਅਤੇ ਉਸਦੇ ਤੱਥਾਂ ਦਾ ਵਿਸ਼ਲੇਸ਼ਣ ਹੀ ਮਨੋਵਿਗਿਆਨਕਾਂ ਦਾ ਕੇਸ ਹੈ ਅਤੇ ਸਿਖਿਆ-ਸ਼ਾਸ਼ਤਰੀ ਉਸਦੇ ਵਿਕਾਸ ਨੂੰ ਸਮਝਣ ਦਾ ਪ੍ਰਯਾਸ ਕਰਦੇ ਹਨ।

**ਗਿਆਨਾਤਮਿਕਤਾਵਾਦ (Cognitivism) :** ਗਿਆਨਾਤਮਿਕਤਾਵਾਦ ਸਿੱਖਣ ਦੇ ਸਿਧਾਂਤਾਂ ਨਾਲ ਸੰਬੰਧਿਤ ਸਮੂਹ ਹੈ ਜਿਹੜੀ ਕਿ ਸਿੱਖਣ ਵਿਚ ਗਿਆਨਾਤਮਿਕਤਾ ਨੂੰ ਮਹੱਤਵ ਦਿੰਦੀ ਹੈ। ਗਿਆਨਾਤਮਿਕਵਾਦ ਦੇ ਅਨੁਸਾਰ ਅਧਿਆਪਨ ਇੱਕ ਅਜਿਹੀ ਪ੍ਰਕ੍ਰਿਆ ਹੈ ਜੋ ਕਿ ਵਿਦਿਆਰਥੀ ਵਿੱਚ ਅੰਤਰਦ੍ਰਿਸ਼ਟੀ ਦਾ ਵਿਕਾਸ ਕਰਦੀ ਹੈ। ਸਿੱਖਣਾ ਵਿਦਿਆਰਥੀ ਦੇ ਕੁਝ

ਉਦੇਸ਼ਾਂ ਅਤੇ ਪ੍ਰਤੱਖਾਂ ਦਾ ਸੰਗਠਨ ਹੈ। ਜਮਾਤ ਦੇ ਤਜ਼ਰਬੇ ਵਿਦਿਆਰਥੀਆਂ ਦੇ ਵਿਅਕਤੀਗਤ ਉਦੇਸ਼ਾਂ ਨਾਲ ਸੰਬੰਧਿਤ ਹੁੰਦੇ ਹਨ। ਉਹਨਾਂ ਨੂੰ ਸੰਬੰਧਾਂ ਨੂੰ ਖੋਜਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਤਾਂ ਕਿ ਉਹ ਆਪਣੇ ਦੁਆਰਾ ਕੀਤੀਆਂ ਕੋਸ਼ਿਸ਼ਾਂ ਦੇ ਨਤੀਜਿਆਂ ਦੀ ਵਰਤੋਂ ਕਰ ਸਕਣ। ਸਟਾਵਰੇਡਜ਼ (2011) ਦੇ ਅਨੁਸਾਰ, ''ਗਿਆਨਾਤਮਿਕਵਾਦ ਮਨ ਦਾ ਅਧਿਐਨ ਹੈ ਅਤੇ ਇਸਦੀ ਪ੍ਰਕ੍ਰਿਆ ਅਤੇ ਸੂਚਨਾਵਾਂ ਨੂੰ ਸਟੋਰ ਕਰਨ ਬਾਰੇ ਵੀ ਅਧਿਐਨ ਹੈ।''

### 3.1.4.2 ਅਧਿਆਪਨ ਅਤੇ ਸਿੱਖਣ ਦੇ ਸੰਬੰਧ ਵਿੱਚ ਗਿਆਨਾਤਮਕਵਾਦ ਦੀ ਧਾਰਨਾ :

**ਸਿਧਾਂਤਕ ਪੱਖ :**

ਗਿਆਨਾਤਮਿਕਵਾਦ ਦੀ ਧਾਰਨਾ ਜ਼ੀਨ ਪਿਆਜੇ ਅਤੇ ਲੇਵ ਵਿਆਗਤੋਸਕੀ ਦੁਆਰਾ ਦਿੱਤੀ ਗਈ ਹੈ।

**ਜ਼ੀਨ ਪਿਆਜੇ ਦਾ ਗਿਆਨਾਤਮਿਕ ਵਿਕਾਸ ਦਾ ਸਿਧਾਂਤ :** ਜੀਨ ਪਿਆਜੇ ਸਵਿਟਜ਼ਰਲੈਂਡ ਦਾ ਰਹਿਣ ਵਾਲਾ ਮਨੋਵਿਗਿਆਨਿਕ ਸੀ। ਉਸਦੇ ਅਨੁਸਾਰ ਬੱਚੇ ਦੂਜਿਆਂ ਦੁਆਰਾ ਕਹੇ ਗਏ ਤੱਥਾਂ ਤੋਂ, ਆਪਣੀ ਸੰਵੇਦਨਾ ਅਤੇ ਪ੍ਰਤੱਖੀਕਰਨ ਤੋਂ ਗਿਆਨ ਦੀ ਪ੍ਰਾਪਤੀ ਨਹੀਂ ਕਰਦੇ। ਉਹ ਦੱਸਦਾ ਹੈ ਕਿ ਗਿਆਨ ਸਿੱਧੇ ਤੌਰ ਤੇ ਮੋਟਰ ਗਤੀਵਿਧੀਆਂ ਜਾਂ ਵਿਵਹਾਰ ਦਾ ਉਤਪਾਦ ਹੈ। ਪਿਆਜੇ ਮੰਨਦਾ ਹੈ ਕਿ ਸਾਰੇ ਬੱਚੇ ਇੱਕ ਨਿਸ਼ਚਿਤ ਕ੍ਰਮ ਦੇ ਨਾਲ ਕੁਝ ਪੜ੍ਹਾਵਾਂ ਵਿਚੋਂ ਲੰਘਦੇ ਹਨ ਜੋਕਿ ਉਹਨਾਂ ਨੂੰ ਸਰੀਰਕ ਪ੍ਰੌੜ੍ਹਤਾ ਵੱਲ ਲੈ ਕੇ ਜਾਂਦੀ ਹੈ। ਉਹਨਾਂ ਦਾ ਗਿਆਨ ਹਰੇਕ ਪੜ੍ਹਾਅ 'ਤੇ ਸਿਰਫ਼ ਗਿਣਾਤਮਕ ਹੀ ਨਹੀਂ ਬਲਕਿ ਗੁਣਾਤਮਕ ਤੌਰ 'ਤੇ ਵੀ ਵੱਧਦਾ ਹੈ।

**ਲੇਵ ਵਿਗਤੋਸਕੀ ਦੀ ਗਿਆਨਾਤਮਕ ਵਿਕਾਸ ਦਾ ਸਿਧਾਂਤ :**

ਵਿਗਤੋਸਕੀ ਮੰਨਦਾ ਹੈ ਕਿ ਬੱਚਿਆਂ ਦੀ ਸੋਚ ਉਹਨਾਂ ਦੇ ਸਾਮਾਜਿਕ ਗਿਆਨ ਤੋਂ ਪ੍ਰਭਾਵਿਤ ਹੁੰਦੀ ਹੈ। ਵਿਗਤੋਸਕੀ ਦੇ ਸਿਧਾਂਤ ਦੇ ਮੁੱਖ ਤੱਥ ਇਹ ਹਨ :-

- ਬੱਚੇ ਆਪਣੇ ਗਿਆਨ ਦੀ ਸੰਰਚਨਾ ਆਪ ਕਰਦੇ ਹਨ।
- ਵਿਕਾਸ ਕਦੇ ਵੀ ਆਪਣੇ ਸਾਮਾਜਿਕ ਸੰਦਰਭ ਤੋਂ ਵੱਖ ਨਹੀਂ ਕੀਤਾ ਜਾ ਸਕਦਾ।
- ਸਿੱਖਣਾ ਵਿਕਾਸ ਵੱਲ ਲੈ ਕੇ ਜਾਂਦਾ ਹੈ।
- ਭਾਸ਼ਾ ਮਾਨਸਿਕ ਵਿਕਾਸ ਵਿੱਚ ਮੁੱਖ ਰੋਲ ਅਦਾ ਕਰਦੀ ਹੈ।
- ਵਿਗਤੋਸਕੀ ਦੇ ਸਿਧਾਂਤ ਦਾ ਇੱਕ ਪੱਖ ਇਹ ਹੈ ਕਿ ਗਿਆਨਾਤਮਿਕ ਵਿਕਾਸ ਦੀ ਕੁਸ਼ਲਤਾ Proximal ਵਿਕਾਸ ਦੇ ਖੇਤਰ ਤੱਕ ਹੀ ਸੀਮਿਤ ਹੈ।

**ਗਿਆਨਾਤਮਕਵਾਦ ਅਤੇ ਸਿੱਖਣਾ :**

ਸਿੱਖਣ ਦੀ ਗਿਆਨਾਤਮਿਕ ਪਹੁੰਚ ਵਿੱਚ ਵਿਚਾਰ, ਤਰਕ, ਯਾਦਦਾਸ਼ਤ, ਭਾਸ਼ਾ ਅਤੇ ਮਾਨਸਿਕ ਪ੍ਰਤੀਬਿੰਬਾਂ ਦੀ ਸੰਰਚਨਾ ਕਰਨ ਦੀ ਯੋਗਤਾ ਸ਼ਾਮਿਲ ਹੁੰਦੀ ਹੈ। ਇਕ ਵਿਅਕਤੀ ਆਪਣੇ ਵਾਤਾਵਰਨ ਦਾ ਅਵਲੋਕਨ ਕਰਕੇ ਪ੍ਰਤੀਬਿੰਬਾਂ ਦੀ ਰਚਨਾ ਕਰਦਾ ਹੈ, ਉਹਨਾਂ ਨੂੰ ਸਮਝਦਾ ਹੈ ਤੇ ਉਹਨਾਂ ਨੂੰ ਆਪਣੀ ਮਾਨਸਿਕ ਪ੍ਰਕ੍ਰਿਆ ਵਿਚ ਭੇਜ ਦਿੰਦਾ ਹੈ। ਇਸ ਸਿਧਾਂਤ ਵਿੱਚ ਵਿਦਿਆਰਥੀ ਸਿੱਖਣ ਦੇ ਦੌਰਾਨ ਕ੍ਰਿਆਸ਼ੀਲ ਭਾਗੀਦਾਰ ਹੁੰਦੇ ਹਨ। ਇੱਕ ਕੰਪਿਊਟਰ ਦੇ ਪ੍ਰੋਸੈਸਰ ਦੀ ਤਰ੍ਹਾਂ ਇਨਪੁਟ ਬਣਕੇ ਪਹਿਲਾ ਸੂਚਨਾ ਆਉਂਦੀ ਹੈ, ਦਿਮਾਗ ਸਮੇਂ ਦੇ ਨਾਲ ਨਾਲ ਉਸ ਸੂਚਨਾ 'ਤੇ ਪ੍ਰਕ੍ਰਿਆ ਕਰਦਾ ਹੈ 'ਤੇ ਉਸ ਸੂਚਨਾਂ ਨੂੰ ਭਵਿੱਖ ਵਿੱਚ ਵਰਤਣ ਲਈ ਸਟੋਰ ਕਰ ਲਿਆ ਜਾਂਦਾ ਹੈ। ਬੱਚਾ ਵੱਖੋ-ਵੱਖ ਤਜ਼ਰਬਿਆਂ ਰਾਹੀਂ ਗਿਆਨ ਪ੍ਰਾਪਤ ਕਰਦਾ ਹੈ। ਗਿਆਨਾਤਮਿਕ ਕ੍ਰਿਆਵਾਂ ਵਿੱਚ ਪ੍ਰਤੱਖੀਕਰਨ, ਯਾਦਦਾਸ਼ਤ ਅਤੇ ਤਰਕ-ਸ਼ਕਤੀ ਵਰਗੀਆਂ ਚੁਸਤ ਕ੍ਰਿਆਵਾਂ ਸ਼ਾਮਿਲ ਹਨ। ਇਸ ਵਿਚ ਜਮਾਤ ਦੇ ਨਿਰਦੇਸ਼ਨ, ਕਿਤਾਬਾਂ, ਚਿੱਤਰ ਅਤੇ ਚਲਚਿੱਤਰ ਤਸਵੀਰਾਂ ਸ਼ਾਮਿਲ ਹਨ।

ਗਿਆਨਾਤਮਿਕਵਾਦ ਸਿੱਖਣ ਦਾ ਮਨੋਵਿਗਿਆਨ ਹੈ ਜੋ ਕਿ ਮਨੁੱਖ ਦੇ ਗਿਆਨ ਜਾਂ ਬੁੱਧੀ ਨੂੰ ਇਸ ਯੋਗ ਬਣਾਉਣ 'ਤੇ ਜ਼ੋਰ ਦਿੰਦੀ ਹੈ ਕਿ ਵਿਅਕਤੀ ਵੱਖ-ਵੱਖ ਉਪਕਲਪਨਾਵਾਂ ਅਤੇ ਬੌਧਿਕਤਾ ਦਾ ਵਿਕਾਸ ਕਰ ਸਕੇ। ਗਿਆਨਾਤਮਿਕਵਾਦ ਦੀ ਧਾਰਨਾ ਵਿਚ ਇਹ ਸ਼ਾਮਿਲ ਹੈ ਕਿ ਅਸੀਂ ਕਿਵੇਂ ਸੋਚਦੇ ਹਾਂ ਅਤੇ ਕਿਵੇਂ ਗਿਆਨ ਪ੍ਰਾਪਤ ਕਰਦੇ ਹਾਂ। ਗਿਆਨਾਤਮਿਕਵਾਦ ਵਿੱਚ ਸਿੱਖਣ ਮਾਪਣ, ਯਾਦਦਾਸ਼ਤ, ਸਮੱਸਿਆ-ਹਲ ਕਰਨ ਦੇ ਕੌਸ਼ਲ ਅਤੇ ਬੁੱਧੀ ਸ਼ਾਮਿਲ ਹੈ। 'ਗਿਆਨਾਤਮਿਕਤਾ' ਸ਼ਬਦ ਮਨੁੱਖ ਦੀਆਂ ਸੂਚਨਾਵਾਂ ਦੀ ਪ੍ਰੋਸੈਸਿੰਗ ਅਤੇ ਉਸ ਸੂਚਨਾ ਨੂੰ ਲਾਗੂ ਕਰਨ ਲਈ ਪ੍ਰਯੋਗ ਕੀਤਾ ਜਾਂਦਾ ਹੈ। ਗਿਆਨਾਤਮਿਕਤਾ ਦੀ ਧਾਰਨਾ ਬਹੁਤ ਸਾਰੀਆਂ ਅਮੂਰਤ ਧਾਰਨਾਵਾਂ ਜਿਵੇਂ ਕਿ ਮਨ, ਤਰਕ-ਸ਼ਕਤੀ, ਪ੍ਰਤੱਖੀਕਰਨ, ਬੁੱਧੀ ਅਤੇ ਸਿੱਖਣਾ ਅਤੇ ਮਨੁੱਖੀ

ਮਨ ਦੀਆਂ ਹੋਰ ਬਹੁਤ ਸਾਰੀਆਂ ਧਾਰਨਾਵਾਂ ਦੇ ਨਾਲ ਸੰਬੰਧਿਤ ਹੈ। ਸ਼ਬਦ ਗਿਆਨਾਤਮਿਕਤਾਂ ਨੂੰ ਵਿਸਤ੍ਰਿਤ ਅਰਥਾਂ ਦੇ ਰੂਪ ਵਿਚ ਵੀ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਵਿਚ ਕੰਮ ਨੂੰ ਜਾਨਣ ਬਾਰੇ ਜਾਣਿਆ ਜਾਂਦਾ ਹੈ।

**ਗਿਆਨਾਤਮਿਕਵਾਦ ਦੀਆਂ ਵਿਸ਼ੇਸ਼ਤਾਈਆਂ :**

1. ਗਿਆਨਾਤਮਿਕਵਾਦ ਸਿੱਖਣ ਲਈ ਇੱਕ ਵਿਆਪਕ ਪਹੁੰਚ ਹੈ। ਇਹ ਪ੍ਰਾਣੀਆਂ ਵਿੱਚ ਹੋਣ ਵਾਲੀ ਹਰੇਕ ਤਰ੍ਹਾਂ ਦੇ ਸਿੱਖਣ ਢੰਗਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ।
2. ਗਿਆਨਾਤਮਿਕਵਾਦ ਵਿਵਹਾਰਿਕ ਅਤੇ ਆਤਮਨਿਸ਼ਠ ਆਂਕੜਿਆਂ ਨੂੰ ਸ਼ਾਮਿਲ ਕਰਦਾ ਹੈ ਅਤੇ ਇਹਨਾਂ ਤਜ਼ਰਬਿਆਂ ਦਾ ਪ੍ਰਯੋਗ ਵਿਦਿਆਰਥੀ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਰਦਾ ਹੈ।
3. ਗਿਆਨਾਤਮਿਕਵਾਦ 'ਵਿਸ਼ਵਾਸ਼' ਅਤੇ 'ਸਮਝ' ਵਰਗੀਆਂ ਧਾਰਨਾਵਾਂ ਦਾ ਪ੍ਰਯੋਗ ਕਰਦਾ ਹੈ। ਗਿਆਨਾਤਮਿਕਵਾਦ ਦੀ ਨੀਂਹ ਜਾਂ ਆਧਾਰ ਵਿਚ ਬਹੁਤ ਸਾਰੇ ਵਿਸ਼ੇ ਸ਼ਾਮਿਲ ਹਨ ਜਿੱਥੇ ਵਿਅਕਤੀ ਦੀ ਸਮਝ ਜਾਂ ਵਿਸ਼ਵਾਸ਼ ਗਲਤ ਹੁੰਦੇ ਹਨ। ਸ਼ਬਦ 'ਜਾਨਣਾ' ਵਿਅਕਤੀ ਦੇ ਉਹਨਾਂ ਵਿਸ਼ਵਾਸ਼ਾਂ ਲਈ ਵਰਤਿਆ ਜਾਂਦਾ ਹੈ ਜਿਹੜੇ ਕੁਝ ਪ੍ਰਮਾਣਾਂ 'ਤੇ ਆਧਾਰਿਤ ਹੁੰਦੇ ਹਨ। ਗਿਆਨਾਤਮਿਕਵਾਦ ਕੋਈ ਪਹੁੰਚ ਨਹੀਂ ਹੈ ਖਾਸ ਕਰਕੇ ਉਸ ਸੰਦਰਭ ਵਿੱਚ, ਜਿਸ ਵਿਚ ਵਿਅਕਤੀ ਕੁਝ ਜਾਣਦਾ ਹੋਵੇ ਪਰੰਤੂ ਵਿਅਕਤੀ ਜੋ ਵੀ ਸੋਚਦਾ ਹੈ ਜਾਂ ਵਿਸ਼ਵਾਸ਼ ਕਰਦਾ ਹੈ, ਉਸਦੇ ਅਨੁਸਾਰ ਹੀ ਉਹ ਅਨੁਕ੍ਰਿਆ ਜਾਂ ਕੰਮ ਕਰਦਾ ਹੈ ਅਤੇ ਇਸ ਕੰਮ ਦੀ ਵਿਆਖਿਆ ਉਹਨਾਂ ਤੱਥਾਂ ਅਤੇ ਸੰਬੰਧਾਂ ਦੇ ਅਨੁਸਾਰ ਹੋਣੀ ਚਾਹੀਦੀ ਹੈ, ਜਿਨ੍ਹਾਂ ਦੇ ਅਨੁਸਾਰ ਉਸਦਾ ਪ੍ਰਤੱਖੀਕਰਨ ਹੁੰਦਾ ਹੈ।
4. ਗਿਆਨਾਤਮਿਕਵਾਦ ਦੀ ਮੁੱਖ ਰੁਚੀ ਹੈ - ਮੁੱਖ ਕ੍ਰਿਆਤਮਕ ਇਕਾਈ ਦੇ ਤੌਰ 'ਤੇ ਪ੍ਰਤੱਖੀਕਰਨ ਪ੍ਰਕ੍ਰਿਆ ਜਿਸਦੇ ਆਧਾਰ 'ਤੇ ਮਨੋਵਿਗਿਆਨਿਕ ਪ੍ਰਕ੍ਰਿਆਵਾਂ ਕੰਮ ਕਰਦੀਆਂ ਹਨ। ਅਤੇ ਉਹ ਪਿਛਲੱਗੂ ਤੱਥ ਅਤੇ ਪ੍ਰਕ੍ਰਿਆਵਾਂ, ਜਿਹੜੀਆਂ ਇਹਨਾਂ ਪ੍ਰਤੱਖੀਕਰਨ ਪ੍ਰਕ੍ਰਿਆਵਾਂ ਨੂੰ ਬਣਾਉਂਦੀਆਂ ਹਨ।

**3.1.4.3 ਗਿਆਨਾਤਮਿਕਵਾਦ ਦਾ ਅਧਿਆਪਨ ਅਤੇ ਸਿੱਖਣ ਤੇ ਪ੍ਰਭਾਵ :**

ਗਿਆਨਾਤਮਿਕਤਾ ਕੁਦਰਤੀ ਅਤੇ ਬਨਾਵਟੀ ਦੋਵੇਂ ਤਰ੍ਹਾਂ ਦੀ ਹੋ ਸਕਦੀ ਹੈ, ਚੇਤਨ ਅਤੇ ਅਚੇਤਨ ਵੀ ਹੋ ਸਕਦੀ ਹੈ। ਇਸ ਲਈ ਇਸ ਦਾ ਵੱਖ-ਵੱਖ ਪੱਖਾਂ ਅਤੇ ਸੰਦਰਭਾਂ ਵਿੱਚ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਗਿਆਨ ਦਿਮਾਗ ਦੀ ਅਮੂਰਤ ਪ੍ਰਾਪਰਟੀ ਹੈ। ਮਨੋਵਿਗਿਆਨ ਅਤੇ ਬਨਾਵਟੀ ਬੁੱਧੀ ਵਿੱਚ ਇਹ ਮਾਨਸਿਕ ਕੰਮ, ਮਾਨਸਿਕ ਪ੍ਰਕ੍ਰਿਆਵਾਂ ਅਤੇ ਬੁੱਧੀ ਦੇ ਵੱਖ-ਵੱਖ ਪੜਾਆਂ ਨੂੰ ਇੰਗਿਤ ਕਰਨ ਲਈ ਪ੍ਰਯੋਗ ਕੀਤਾ ਜਾਂਦਾ ਹੈ। ਗਿਆਨਾਤਮਿਕ ਕੌਸ਼ਲ ਵਿੱਚ ਉਹ ਉਦੇਸ਼ ਸ਼ਾਮਿਲ ਹਨ ਜਿਹੜੇ ਯਾਦ ਕੀਤੀਆਂ ਵਸਤਾਂ ਦੀ ਪਛਾਣ ਆਦਿ ਨਾਲ ਨਜਿੱਠਦੇ ਹਨ। ਸਕੂਲੀ ਸਿੱਖਿਆਂ ਦੇ ਉਦੇਸ਼ਾਂ ਦਾ ਵੱਡਾ ਹਿੱਸਾ ਕੇਵਲ ਗਿਆਨਾਤਮਿਕ ਕੋਸ਼ਲਾਂ ਨਾਲ ਹੀ ਘਿਰਿਆ ਹੁੰਦਾ ਹੈ। ਗਿਆਨਾਤਮਿਕ ਕੌਸ਼ਲਾਂ ਦਾ ਵਿਕਾਸ, ਗਿਆਨ ਵਿੱਚ ਵਾਧਾ ਅਤੇ ਵਾਤਾਵਰਨ ਨਾਲ ਸਮਾਯੋਜਨ ਬੁੱਧੀ 'ਤੇ ਨਿਰਭਰ ਕਰਦਾ ਹੈ। ਗਿਆਨਾਤਮਿਕ ਵਿਕਾਸ ਸਿਖਿਆਰਥੀ ਦੇ ਪੋਸ਼ਣ, ਭਾਵਾਤਮਿਕ ਅਤੇ ਸਾਮਾਜਿਕ ਤੱਥਾਂ ਨਾਲ ਵੀ ਪ੍ਰਭਾਵਿਤ ਹੁੰਦਾ ਹੈ। ਗਿਆਨਾਤਮਿਕ ਤਕਨੀਕਾਂ ਕਿਸੇ ਵਿਅਕਤੀ ਨੂੰ ਆਪਣੇ ਉਦੇਸ਼ ਜਾਂ ਨਿਸ਼ਾਨੇ ਦੀ ਪ੍ਰਾਪਤੀ ਕਰਨ ਵਿੱਚ ਮਦਦ ਕਰਦੀ ਹੈ। ਨਿਰਦੇਸ਼ਕ ਪ੍ਰਕ੍ਰਿਆਵਾਂ ਵਿਚ ਗਿਆਨਾਤਮਿਕ ਤਕਨੀਕਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਇੱਕ ਚੰਗਾ ਤੇ ਬੁੱਧੀਵਾਨ ਇਨਸਾਨ ਬਣਾਉਣਾ ਹੈ। ਗਿਆਨਾਤਮਿਕ ਤਕਨੀਕਾਂ ਵਿਅਕਤੀ ਨੂੰ ਸੂਚਨਾਵਾਂ ਦੀ ਪ੍ਰਕ੍ਰਿਆ ਕਰਨ, ਨੋਟਸ ਦੇ ਨਾਲ-ਨਾਲ ਉਦਾਹਰਨ ਸ਼ਾਮਿਲ ਕਰਕੇ, ਪ੍ਰਸ਼ਨ ਪੁੱਛਕੇ ਉਸਦੀ ਮਦਦ ਕਰਦੀਆਂ ਹਨ। ਗਿਆਨਾਤਮਿਕ ਤਕਨੀਕਾਂ ਉਸ ਸਮੇਂ ਜਿਆਦਾ ਸਾਰਥਿਕ ਹੋ ਜਾਂਦੀਆਂ ਹਨ ਜਦੋਂ ਉਹ ਕੁਝ ਖਾਸ ਕੰਮਾਂ ਪ੍ਰਤੀ ਪ੍ਰਯੋਗ ਕੀਤੀਆਂ ਜਾਂਦੀਆਂ ਹਨ।

ਗਿਆਨਾਤਮਿਕਵਾਦੀ ਵਿਸ਼ਵਾਸ਼ ਕਰਦੇ ਹਨ ਕਿ ਸਿਖਿਆਰਥੀ ਸਿੱਖਣ ਨੂੰ ਰਿਸੀਵ ਕਰਕੇ, ਸਟੋਰ ਕਰਕੇ ਅਤੇ ਵਿਕਸਿਤ ਕਰਦੇ ਹਨ। ਇਸ ਵਿਚਾਰ ਨਾਲ ਅਧਿਆਪਕਾਂ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਉਹ ਵਿਦਿਆਰਥੀਆਂ ਦੀ ਵਧੀਆ ਸਿੱਖਣ ਲਈ ਸਹੀ ਕੰਮਾਂ ਦਾ ਵਿਸ਼ਲੇਸ਼ਣ ਕਰੇ, ਜਦੋਂ ਉਹ ਉਹਨਾਂ ਲਈ ਸਿੱਖਣ ਸਥਿਤੀਆਂ ਦਾ ਨਿਰਮਾਣ ਕਰ ਰਿਹਾ ਹੁੰਦਾ ਹੈ ਅਤੇ ਲਾਗੂ ਕਰਦਾ ਹੈ।

1. ਅਧਿਆਪਕ ਗਿਆਨਾਤਮਿਕਵਾਦ ਦੀ ਵਰਤੋਂ ਵੱਖ-ਵੱਖ ਉਮਰ ਦੇ ਬੱਚਿਆਂ ਲਈ ਇਸ ਤਰ੍ਹਾਂ ਕਰ ਸਕਦਾ ਹੈ :

(ੳ) 2 ਤੋਂ 7 ਸਾਲ ਦੇ ਬੱਚਿਆਂ ਲਈ ਗਿਆਨਾਤਮਿਕਵਾਦ ਦੀ ਵਰਤੋਂ :-
- ਮੂਰਤ ਵਸਤੂਆਂ ਦੀ ਉਦਾਹਰਨਾਂ ਦੇ ਕੇ (ਜਿਵੇਂ ਗਣਿਤ ਵਿਸ਼ਾ)
- ਛੋਟੇ-ਛੋਟੇ ਨਿਰਦੇਸ਼ ਦੇ ਕੇ ਅਤੇ ਉਹਨਾਂ 'ਤੇ ਕਾਰਵਾਈ ਕਰਕੇ
- ਬੱਚਿਆਂ ਨੂੰ ਆਪਸ ਵਿਚ ਅੰਤਰਕ੍ਰਿਆ ਕਰਨ ਦੇ ਮੌਕੇ ਪ੍ਰਦਾਨ ਕਰਕੇ।
- ਬੱਚਿਆਂ ਨੂੰ ਹੱਥੋ-ਹੱਥ ਅਭਿਆਸ ਕਰਨ ਦੇ ਮੌਕੇ ਪ੍ਰਦਾਨ ਕਰਕੇ।
- ਬੱਚਿਆਂ ਨੂੰ ਵਿਸਤ੍ਰਿਤ ਤਜ਼ਰਬੇ ਪ੍ਰਦਾਨ ਕਰਕੇ (ਉਦਾਹਰਨ ਲਈ ਚੰਗੀਆਂ ਥਾਵਾਂ ਦਾ ਦੌਰਾ ਕਰਕੇ)

(ਅ) 7 ਤੋਂ 11 ਸਾਲ ਦੇ ਬੱਚਿਆਂ ਲਈ ਗਿਆਨਾਤਮਿਕਵਾਦ ਦੀ ਵਰਤੋਂ :-
- ਮੂਰਤ ਵਸਤੂਆਂ ਦੀ ਵਰਤੋਂ ਕਰਨੀ (ਜਿਵੇਂ 3-ਡੀ ਮਾਡਲਾਂ ਦੀ ਵਰਤੋਂ)
- ਬੱਚਿਆਂ ਨੂੰ ਜਮਾਤੀ ਕੌਸਲਾਂ ਦੇ ਅਭਿਆਸ ਵਿਚ ਲਗਾਈ ਰੱਖਣ ਦੇ ਮੌਕੇ ਪ੍ਰਦਾਨ ਕਰਨਾ।
- ਪੇਸ਼ਕਾਰੀਆਂ ਅਤੇ ਪੜਤਾਂ ਸੰਖਿਪਤ ਅਤੇ ਚੰਗੀ ਤਰ੍ਹਾਂ ਸੰਗਠਿਤ ਹੋਣੇ।
- ਘਰੇਲੂ ਉਦਾਹਰਨਾਂ ਦਾ ਪ੍ਰਯੋਗ ਕਰਨਾ ਜਿਹੜੇ ਬੱਚਿਆਂ ਦੇ ਤਜ਼ਰਬੇ ਨਾਲ ਸੰਬੰਧਿਤ ਹੋਣ।
- ਕੋਈ ਅਜਿਹੀ ਸਮੱਸਿਆ ਪੇਸ਼ ਕਰਨੀ ਜਿਸਦੇ ਹਲ ਲਈ ਤਾਰਕਿਕ ਅਤੇ ਵਿਸ਼ਲੇਸ਼ਣਾਤਮਕ ਚਿੰਤਨ ਦੀ ਲੋੜ ਪਏ।

(ੲ) 11 ਸਾਲ ਅਤੇ ਉਸਤੋਂ ਉਪਰ ਦੇ ਵਿਦਿਆਰਥੀ ਲਈ, ਅਧਿਆਪਕ ਨੂੰ ਚਾਹੀਦਾ ਹੈ ਕਿ
- ਮੂਰਤ ਵਸਤੂਆਂ ਦੇ ਪ੍ਰਯੋਗ ਵਿਚ ਨਿਰੰਤਰਤਾ ਰੱਖੇ (3-ਡੀ ਮਾਡਲਾਂ ਦਾ ਪ੍ਰਯੋਗ)
- ਬੱਚਿਆਂ ਨੂੰ ਵਿਕਲਪੀ ਉੱਤਰ ਲੱਭਣ ਅਤੇ ਉਪਕਲਪਨਾਵਾਂ ਵਿਕਸਿਤ ਕਰਨ ਦੇ ਮੌਕੇ ਪ੍ਰਦਾਨ ਕਰਨੇ।
- ਬੱਚਿਆਂ ਨੂੰ ਸਮੱਸਿਆ ਨੂੰ ਹੱਲ ਕਰਨ ਦੇ ਮੌਕੇ ਪ੍ਰਦਾਨ ਕਰਨੇ ਅਤੇ ਉਹਨਾਂ ਦੇ ਵਿਗਿਆਨਿਕ ਕਾਰਨ ਪ੍ਰਦਾਨ ਕਰਨੇ।
- ਕੇਵਲ ਤੱਥਾਂ ਉੱਤੇ ਧਿਆਨ ਕੇਂਦਰਿਤ ਨਾ ਕਰਨਾ ਬਲਕਿ ਵਿਸਤ੍ਰਿਤ ਧਾਰਨਾਵਾਂ ਦੀ ਸਿੱਖਿਆ ਦੇਣੀ।

2. ਬੱਚੇ ਦਾ ਮੁਲਾਂਕਣ ਉਸਦੇ ਪਰੋਕਸੀਮਲ ਖੇਤਰ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ।
3. ਅਧਿਆਪਕ ਨੂੰ ਬੱਚੇ ਦਾ ਪੱਧਰ ਮਾਪਣ ਲਈ ਵੱਖ-ਵੱਖ ਕਠਿਨਤਾ ਦੇ ਪੱਧਰ 'ਤੇ ਕੰਮ ਜਾਂ ਅਭਿਆਸ ਦੇਣਾ ਚਾਹੀਦਾ ਹੈ ਤਾਂ ਕਿ ਨਿਰਦੇਸ਼ ਦੇਣਾ ਸ਼ੁਰੂ ਕੀਤਾ ਜਾ ਸਕੇ।
4. ਅਧਿਆਪਨ ਵਿਚ ਪਰੋਕਸੀਮਲ ਵਿਕਾਸ ਦੇ ਖੇਤਰ ਦਾ ਪ੍ਰਯੋਗ ਕੀਤਾ ਜਾਵੇ।
5. ਅਧਿਆਪਨ ਹਮੇਸ਼ਾ ਹੇਠਲੇ ਪੱਧਰ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਤਾਂਕਿ ਬੱਚਾ ਮਦਦ ਨਾਲ ਆਪਣੇ ਉਦੇਸ਼ ਤੱਕ ਪਹੁੰਚ ਜਾਵੇ।
6. ਅਧਿਆਪਕ ਉਸ ਸਮੇਂ ਮਦਦ ਪ੍ਰਦਾਨ ਕਰੇ ਜਦੋਂ ਬੱਚਿਆਂ ਨੂੰ ਉਸਦੀ ਲੋੜ ਹੋਵੇ।
7. ਬੱਚਿਆਂ ਨੂੰ ਆਪਣੇ ਉਦੇਸ਼ਾਂ ਤੱਕ ਪਹੁੰਚਣ ਲਈ ਕੌਸ਼ਲਾਂ ਨੂੰ ਲਾਗੂ ਕਰਨ ਦੀ ਪ੍ਰੇਰਣਾ ਦੇਣੀ।
8. ਕੌਸ਼ਲਾਤਮਕ ਸਾਥੀਆਂ ਤੋਂ ਮਦਦ ਲੈਣ ਲਈ ਪ੍ਰੇਰਿਤ ਹੋਣਾ।
9. ਬੱਚਿਆਂ ਨੂੰ ਨਿਜੀ ਭਾਸ਼ਣ ਦਾ ਪ੍ਰਯੋਗ ਕਰਨ ਲਈ ਪ੍ਰੇਰਿਤ ਕਰਨਾ ਅਤੇ ਨਿਰੀਖਣ ਕਰਨਾ।
10. ਬੱਚਿਆਂ ਨੂੰ ਉਹਨਾਂ ਵਿਚਾਰਾਂ ਅਤੇ ਸਹੀ ਸਥਿਤੀਆਂ ਵੱਲ ਪ੍ਰੇਰਿਤ ਕਰਨਾ, ਜਿਹੜੀਆਂ ਕਿਸੇ ਵੀ ਸਮੱਸਿਆ ਦਾ ਹਲ ਚਾਹੁੰਦੀਆਂ ਹਨ।
11. ਅਰਥ-ਭਰਪੂਰ ਹਿਦਾਇਤਾਂ ਦੇਣੀਆਂ।
12. ਅਧਿਆਇ ਨੂੰ ਰੋਜ਼ਾਨਾ ਦੇ ਤਜ਼ਰਬਿਆਂ ਨਾਲ ਸੰਬੰਧਿਤ ਕਰਨਾ।
13. ਰੱਟੇ ਦੀ ਪ੍ਰਵ੍ਰਿਤੀ ਨੂੰ ਘਟਾਉਣਾ।
14. ਬੱਚਿਆਂ ਨੂੰ ਆਪਣੇ ਗਿਆਨ ਨੂੰ ਵਾਸਤਵਿਕ ਪ੍ਰਸਥਿਤੀਆਂ ਵਿਚ ਲਾਗੂ ਕਰਨ ਲਈ ਅਗਵਾਈ ਕਰਨੀ।
15. ਕਹਾਣੀ ਸੁਣਾਉਣਾ, ਲਿਖਣਾ, ਸੁਣਨਾ, ਚਿੱਤਰ ਪ੍ਰਤੀਯੋਗਿਤਾ, ਕਲਪਨਾਵਾਂ ਸਮੇਤ ਲਿਖਣਾ, ਪ੍ਰਸ਼ਨੋਤਰੀ, ਸਮੱਸਿਆ - ਹਲ ਦੇ ਮੌਕੇ ਆਦਿ ਅਜਿਹੀ ਕ੍ਰਿਆਵਾਂ ਹਨ ਜਿਹਨਾਂ ਨੂੰ ਅਧਿਆਪਕ ਬੱਚਿਆਂ ਦੇ ਗਿਆਨਾਤਮਿਕ ਵਿਕਾਸ ਲਈ ਵਰਤ ਸਕਦਾ ਹੈ।

16. ਬਹੁਤ ਸਾਰੇ ਅਧਿਆਪਨ ਅਤੇ ਸਿੱਖਣ ਦੇ ਸੂਚਨਾ ਪ੍ਰੋਸੈਸਿੰਗ ਮਾਡਲ ਸਿੱਖਣ ਦੇ ਗਿਆਨਾਤਮਿਕ ਦ੍ਰਿਸ਼ਟੀਕੋਣ 'ਤੇ ਆਧਾਰਿਤ ਹਨ।

**ਛੋਟੇ ਪ੍ਰਸ਼ਨ :-**

1. ਗਿਆਨਾਤਮਿਕਵਾਦ ਕੀ ਹੈ ?
2. ਗਿਆਨਾਤਮਿਕਵਾਦ ਦੇ ਕੋਈ ਤਿੰਨ ਲੱਛਣ ਦੱਸੋ।
3. ਅਧਿਆਪਨ-ਸਿੱਖਣ ਪ੍ਰਕ੍ਰਿਆ ਵਿੱਚ ਗਿਆਨਾਤਮਿਕਵਾਦ ਕਿਵੇਂ ਲਾਭਦਾਇਕ ਹੈ ?

### 3.1.5 ਰਚਨਾਤਮਕਵਾਦ (Constructivism) :

**ਜਾਣ-ਪਛਾਣ :**

ਰਚਨਾਤਮਕਵਾਦ ਸਿੱਖਣ ਦੇ ਗਿਆਨ ਦਾ ਸਿਧਾਂਤ ਹੈ ਭਾਵ ਇਹ ਗਿਆਨ-ਮੀਮਾਂਸਾ ਹੈ ਅਤੇ ਇਹ ਇੱਕ ਸਿੱਖਣ ਦਾ ਸਿਧਾਂਤ ਹੈ। ਇਹ ਕੋਈ ਖਾਸ ਤੌਰ 'ਤੇ ਸਿੱਖਿਆ-ਸ਼ਾਸ਼ਤਰ ਨਹੀਂ ਹੈ। ਰਚਨਾਤਮਿਕਵਾਦੀ ਵਿਸ਼ਵਾਸ਼ ਕਰਦੇ ਹਨ ਕਿ ਮਨੁੱਖ ਇੱਕ ਕ੍ਰਿਆਸ਼ੀਲ ਸੂਚਨਾ ਰਿਸੀਵਰ ਹਨ। ਉਹ ਆਪਣੀ ਸਮਝ ਦੀ ਰਚਨਾ ਕਰਨ ਲਈ ਆਪਣੇ ਤਜ਼ਰਬਿਆਂ ਦਾ ਪ੍ਰਯੋਗ ਕਰਦੇ ਹਨ। ਮਨੁੱਖ ਨਵੇਂ ਗਿਆਨ ਨੂੰ ਪ੍ਰਾਪਤ ਕਰਦੇ ਹਨ ਅਤੇ ਆਪਣੀ ਸਮਝ ਨੂੰ ਬਣਾਉਂਦੇ ਹਨ। ਗਿਆਨ ਨੂੰ ਨਿਜੀ ਅਤੇ ਆਤਮ-ਨਿਸ਼ਠ ਜਾਣਿਆ ਜਾਂਦਾ ਹੈ। ਹਰੇਕ ਵਿਅਕਤੀ ਦੇ ਦਿਮਾਗ ਵਿੱਚ ਵਾਸਤਵਿਕਤਾ ਹੁੰਦੀ ਹੈ। ਸਿੱਖਣਾ ਉਸ ਸਮੇਂ ਹੁੰਦਾ ਹੈ ਜਦੋਂ ਵਿਅਕਤੀ ਪਹਿਲਾਂ ਪ੍ਰਾਪਤ ਕੀਤੇ ਗਿਆਨ ਅਤੇ ਤਜ਼ਰਬੇ ਦਾ ਪ੍ਰਯੋਗ ਕਰਦਾ ਹੈ। ਰਚਨਾਤਮਕਵਾਦੀਆਂ ਦਾ ਮੰਨਣਾ ਹੈ ਕਿ ਸਿਖਿਆਰਥੀਆਂ ਨੂੰ ਜਿਸ ਬਾਰੇ ਗਿਆਨ ਹੁੰਦਾ ਹੈ, ਉਸ ਸੰਬੰਧ ਵਿਚ ਤਜ਼ਰਬਿਆਂ ਨੂੰ ਰਿਫ਼ਲੈਕਟ ਕਰਨ ਵਿਚ ਥੋੜ੍ਹਾ ਸਮਾਂ ਲੱਗਦਾ ਹੈ। ਕੁਝ ਸਮਾਂ ਮਗਰੋਂ, ਉਹ ਉਹਨਾਂ ਤਜ਼ਰਬਿਆਂ ਦੇ ਅਸਲੀ ਅਰਥਾਂ ਤੋਂ ਜਾਣੂ ਹੋ ਜਾਂਣੇ ਹਨ।

#### 3.1.5.1 ਰਚਨਾਤਮਿਕਵਾਦ ਦਾ ਅਰਥ ਅਤੇ ਪਰਿਭਾਸ਼ਾ :

**ਅਰਥ :**

ਰਚਨਾਤਮਕਵਾਦ ਅਸਲ ਵਿੱਚ ਅਵਲੋਕਨ ਅਤੇ ਵਿਗਿਆਨਿਕ ਅਧਿਐਨ 'ਤੇ ਆਧਾਰਿਤ ਇੱਕ ਸਿਧਾਂਤ ਹੈ ਜਿਸ ਰਾਹੀਂ ਪਤਾ ਚਲਦਾ ਹੈ ਕਿ ਲੋਕ ਕਿਵੇਂ ਸਿੱਖਦੇ ਹਨ। ਇਹ ਸਿਧਾਂਤ ਕਹਿੰਦਾ ਹੈ ਕਿ ਲੋਕ ਦੁਨੀਆਂ ਦੇ ਗਿਆਨ ਅਤੇ ਸਮਝ ਨੂੰ ਖ਼ੁਦ ਰਚਦੇ ਹਨ, ਵੱਖ-ਵੱਖ ਤਜਰਬੇ ਕਰਦੇ ਹਨ ਅਤੇ ਉਹਨਾਂ ਤਜ਼ਰਬਿਆਂ ਨੂੰ ਹੀ ਰਿਫ਼ਲੈਕਟ ਕਰਦੇ ਹਨ। ਜਦੋਂ ਕੋਈ ਵਿਅਕਤੀ ਕੁਝ ਨਵਾਂ ਕਰਦਾ ਹੈ ਤਾਂ ਉਹ ਉਸਨੂੰ ਆਪਣੇ ਪਹਿਲਾਂ ਸਿੱਖੇ ਵਿਚਾਰਾਂ ਤੇ ਤਜ਼ਰਬਿਆਂ ਦੇ ਨਾਲ ਜੋੜ ਦਿੰਦਾ ਹੈ। ਇਸਦਾ ਨਤੀਜਾ ਉਸ ਵਿਅਕਤੀ ਦੇ ਵਿਸ਼ਵਾਸ਼ਾਂ ਵਿਚ ਬਦਲਾਵ ਜਾਂ ਨਵੀਂ ਸੂਚਨਾ ਨੂੰ ਬੇਕਾਰ ਜਾਣਕੇ ਉਸਨੂੰ ਨਸ਼ਟ ਕਰਨ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਦੂਜੇ ਸ਼ਬਦਾਂ ਵਿੱਚ, ਵਿਦਿਆਰਥੀ ਪਹਿਲਾਂ ਸਿੱਖੇ ਹੋਏ ਗਿਆਨ ਵਿੱਚ ਨਵਾਂ ਗਿਆਨ ਜੋੜਕੇ ਜਾਂ ਫਿੱਟ ਕਰਕੇ ਸਿੱਖਦੇ ਹਨ। ਰਚਨਾਤਮਿਕ ਸਿੱਖਣ ਬੱਚਿਆਂ ਦੀ ਕ੍ਰਿਆਸ਼ੀਲ ਭਾਗੀਦਾਰੀ 'ਤੇ ਆਧਾਰਿਤ ਹੈ, ਜਿਥੇ ਉਹ ਪਹਿਲਾਂ ਤੋਂ ਪ੍ਰਾਪਤ ਗਿਆਨ ਤੋਂ ਬਣੇ ਆਪਣੇ ਵਿਚਾਰਾਂ ਅਤੇ ਪਹੁੰਚਾਂ ਦੁਆਰਾ ਨਵੇਂ ਗਿਆਨ ਦੀ ਰਚਨਾ ਕਰਦੇ ਹਨ ਅਤੇ ਇਸ ਗਿਆਨ ਨੂੰ ਨਵੀਆਂ ਪਰਿਸਥਿਤੀਆਂ ਵਿੱਚ ਲਾਗੂ ਕਰਦੇ ਹਨ ਅਤੇ ਪਹਿਲਾਂ ਤੋਂ ਪ੍ਰਾਪਤ ਬੋਧਿਕ ਰਚਨਾਵਾਂ ਨੂੰ ਨਵੇਂ ਗਿਆਨ ਨਾਲ ਸੰਮਲਿਤ ਕਰਦੇ ਹਨ। ਰਚਨਾਤਮਿਕਵਾਦ ਅਧਿਆਪਨ-ਸਿੱਖਣ ਵਿਚ ਇਸ ਪਹੁੰਚ 'ਤੇ ਆਧਾਰਿਤ ਹੈ ਕਿ ਗਿਆਨ (ਸਿੱਖਣਾ) ਮਾਨਸਿਕ ਰਚਨਾਵਾਂ ਦਾ ਸਿੱਟਾ ਹੈ।

**ਪਰਿਭਾਸ਼ਾ :**

ਰਚਨਾਤਮਕਵਾਦ ਗਿਆਨ-ਮੀਮਾਂਸਾ ਹੈ, ਜਿਹੜੀ ਕਿ ਗਿਆਨ ਦੀ ਪ੍ਰਕ੍ਰਿਤੀ ਦੀ ਵਿਆਖਿਆ ਕਰਦੀ ਹੈ ਅਤੇ ਦੱਸਦੀ ਹੈ ਕਿ ਮਨੁੱਖ ਕਿਵੇਂ ਸਿੱਖਦਾ ਹੈ। ਇਸਦੇ ਅਨੁਸਾਰ ਮਨੁੱਖ ਪਹਿਲਾਂ ਤੋਂ ਸਿੱਖੇ ਅਤੇ ਜਾਣੇ ਹੋਏ ਵਿਸ਼ਵਾਸਾਂ, ਵਿਚਾਰਾਂ, ਘਟਨਾਵਾਂ ਅਤੇ ਗਤੀਵਿਧੀਆਂ ਦੀ ਅੰਤਰਕ੍ਰਿਆ ਰਾਹੀਂ ਨਵੇਂ ਗਿਆਨ ਅਤੇ ਸਮਝ ਦੀ ਰਚਨਾ ਕਰਦਾ ਹੈ।

#### 3.1.5.2 ਰਚਨਾਤਮਕਵਾਦ ਦੀ ਧਾਰਨਾ :

ਮਨੋਵਿਗਿਆਨੀ ਪਿਆਜੇ, ਡਿਉਈ, ਵਿਗਤੋਸਕੀ ਅਤੇ ਬਰੂਨਰ ਦੇ ਸਿੱਖਣ ਦੇ ਸਿਧਾਂਤਾਂ ਤੋਂ ਰਚਨਾਤਮਕ ਪਹੁੰਚ ਦਾ ਉਭਾਰ ਹੋਇਆ ਹੈ।

**ਪਿਆਜ਼ੇ ਦੀ ਰਚਨਾਤਮਕਵਾਦ ਦੀ ਧਾਰਨਾ :**

ਪਿਆਜੇ ਦੁਆਰਾ 1977 ਵਿੱਚ ਦਿੱਤੀ ਗਈ ਗਿਆਨਾਤਮਿਕ ਵਿਕਾਸ ਦੇ ਸਿਧਾਂਤ ਵਿੱਚ ਰਚਨਾਤਮਿਕਵਾਦ ਦੀ ਧਾਰਨਾ ਦਿੱਤੀ ਗਈ ਸੀ। ਉਸਨੇ ਮਨੁੱਖੀ ਦਿਮਾਗ ਦੇ ਗਿਆਨਾਤਮਕ ਨੈਟਵਰਕ ਦੀ ਸੰਰਚਨਾ, ਕੰਮ ਅਤੇ ਵਿਕਾਸ ਨੂੰ ਸਮਝਾਉਣ ਲਈ ਇੱਕ ਬਹੁਤ ਵਧੀਆ ਢਾਂਚਾ ਤਿਆਰ ਕੀਤਾ। ਉਸਦੇ ਅਨੁਸਾਰ, ਬੱਚੇ ਕ੍ਰਿਆਸ਼ੀਲ ਚਿੰਤਕ ਹੁੰਦੇ ਹਨ ਜੋਕਿ ਆਪਣੇ ਆਸ-ਪਾਸ ਦੇ ਸੰਸਾਰ ਨੂੰ ਸਹੀ ਪ੍ਰਕਾਰ ਨਾਲ ਸਮਝਣ ਦੀ ਨਿਰੰਤਰ ਕੋਸ਼ਿਸ਼ ਕਰਦੇ ਹਨ। ਉਸਦਾ ਸਿਧਾਂਤ ਦੱਸਦਾ ਹੈ ਕਿ ਬੱਚੇ ਆਪਣੀ ਉਮਰ ਦੇ ਵਿਕਾਸ ਨਾਲ ਕੁਝ ਖਾਸ ਪੜਾਆਂ ਵਿਚੋਂ ਲੰਘਦੇ ਹਨ, ਜਿਸ ਨਾਲ ਉਹਨਾਂ ਦਾ ਗਿਆਨਾਤਮਿਕ ਢਾਂਚਾ ਹੋਰ ਜਟਿਲ ਹੁੰਦਾ ਜਾਂਦਾ ਹੈ। ਗਿਆਨਾਤਮਿਕ ਵਿਕਾਸ ਦੇ ਚਾਰ ਪੱਧਰ ਹਨ – ਸੈਂਸਰੀਮੋਟਰ ਸਟੇਜ, ਪ੍ਰੀ-ਓਪਰੇਸ਼ਨਲ ਸਟੇਜ, ਕੰਕਰੀਟ ਓਪਰੇਸ਼ਨਲ ਸਟੇਜ ਅਤੇ ਫ਼ੋਰਮਲ ਆਪਰੇਸ਼ਨਲ ਸਟੇਜ। ਸਿੱਖਣਾ ਵਾਤਾਵਰਣ ਨਾਲ ਅੰਤਰਕ੍ਰਿਆ ਕਰਨ ਤੇ ਹੁੰਦਾ ਹੈ। ਅਸੰਤੁਲਨ ਨਵੇਂ ਤਜ਼ਰਬੇ ਦਾ ਆਤਮਸਾਤੀਕਰਣ ਕਰਦਾ ਹੈ ਜਿਹੜੀ ਕਿ ਪਹਿਲਾਂ ਪ੍ਰਾਪਤ ਕੀਤੇ ਗਿਆਨ ਨਾਲ ਜੁੜ ਜਾਂਦੀ ਹੈ ਜਾਂ ਉਸਦਾ ਮੇਲ-ਲਿਹਾਜ ਕਰਦੀ ਹੈ ਜੋ ਕਿ ਨਵੇਂ ਤਜ਼ਰਬਿਆਂ ਨੂੰ ਪ੍ਰਾਪਤ ਸਮਝ ਦੇ ਆਧਾਰ 'ਤੇ ਸੁਧਾਰਦੀ ਹੈ।

**ਡਿਊਈ ਦੀ ਰਚਨਾਤਮਕਵਾਦ ਦੀ ਧਾਰਨਾ :**

ਡਿਊਈ (1916), ਇੱਕ ਅਮਰੀਕਨ ਦਰਸ਼ਨ-ਸ਼ਾਸ਼ਤਰੀ ਅਤੇ ਸਿੱਖਿਆ-ਸ਼ਾਸ਼ਤਰੀ ਸੀ ਜਿਸਨੇ ਸ਼ਿਕਾਗੋ ਯੂਨੀਵਰਸਿਟੀ ਵਿਖੇ ਪ੍ਰਯੋਗਾਤਮਕ ਲੈਬੋਰੇਟਰੀ ਸਕੂਲ ਸਥਾਪਿਤ ਕੀਤਾ ਸੀ। ਉਸਨੂੰ ਅਮਰੀਕਾ ਵਿਖੇ ਪ੍ਰਗਤੀਸ਼ੀਲ ਸਿੱਖਿਆ ਦਾ ਪਿਤਾਮਾ ਮੰਨਿਆ ਜਾਂਦਾ ਹੈ। ਇਹ ਸਿਧਾਂਤ ਦੱਸਦਾ ਹੈ ਕਿ ਵਿਦਿਆਰਥੀ ਪ੍ਰਤੱਖ ਤੌਰ ਤੇ ਪ੍ਰੋਜੈਕਟਾਂ ਰਾਹੀਂ ਸਿੱਖਦੇ ਹਨ। ਇਸ ਲਈ ਸਿੱਖਣ ਨੂੰ ਮੂਰਤ ਕ੍ਰਿਆਵਾਂ ਅਤੇ ਪ੍ਰੈਕਟੀਕਲ ਕ੍ਰਿਆਵਾਂ ਨਾਲ ਜੋੜਿਆ ਜਾਂਦਾ ਹੈ। ਉਸਨੇ ਰੱਟੇ ਦੀ ਪ੍ਰਵਿਰਤੀ ਨੂੰ ਰਿਜੈਕਟ ਕਰ ਦਿੱਤਾ।

**ਵਿਗਤੋਸਕੀ ਦੀ ਰਚਨਾਤਮਕਵਾਦ ਦੀ ਧਾਰਨਾ :**

ਵਿਗਤੋਸਕੀ ਇਕ ਰੂਸੀ ਮਨੋਵਿਗਿਆਨਿਕ ਸਾਮਾਜਿਕ ਅੰਤਰਕ੍ਰਿਆ ਗਿਆਨਾਤਮਿਕਤਾ ਦੇ ਵਿਕਾਸ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਉਹ ਵਿਸ਼ਵਾਸ਼ ਕਰਦਾ ਹੈ ਕਿ ਹਰੇਕ ਮਨੁੱਖ ਦੋ ਪੱਧਰਾਂ ਤੇ ਸਿੱਖਦਾ ਹੈ। ਪਹਿਲਾ ਪੱਧਰ ਹੈ – ਦੂਜਿਆਂ ਨਾਲ ਅੰਤਰਕ੍ਰਿਆ ਕਰਕੇ ਅਤੇ ਦੂਜਾ ਪੱਧਰ ਹੈ – ਮਨੁੱਖ ਦੀ ਮਾਨਸਿਕ ਸੰਰਚਨਾ ਨਾਲ ਸੰਮਲਿਤ ਕਰਕੇ।

**ਬਰੂਨਰ ਦੀ ਰਚਨਾਤਮਕਵਾਦ ਦੀ ਧਾਰਨਾ :**

ਬਰੂਨਰ ਦਾ ਸਿਧਾਂਤ ਬੱਚਿਆਂ ਦੇ ਵਿਕਾਸ-ਖੋਜ ਨਾਲ ਲਿੰਕ ਕਰਦੀ ਹੈ, ਜਿਸ ਤਰ੍ਹਾਂ ਦਾ ਕੰਮ ਪਿਆਜੇ ਨੇ ਬੱਚਿਆਂ ਦੇ ਸੰਦਰਭ ਵਿਚ ਕੀਤਾ ਸੀ। ਬਰੂਨਰ ਨੇ ਵਿਕਾਸ ਦੇ ਤਿੰਨ ਪੱਧਰਾਂ ਦੀ ਪਛਾਣ ਕੀਤੀ –

1. **ਇਨੈਕਟਿਵ (Enactive) ਪੱਧਰ :** ਇਸ ਪੱਧਰ 'ਤੇ ਬੱਚਾ ਆਪਣੇ ਵਾਤਾਵਰਨ ਨੂੰ ਭੌਤਿਕ ਢੰਗਾਂ ਨਾਲ ਸਮਝਣ ਦਾ ਯਤਨ ਕਰਦਾ ਹੈ ਅਤੇ ਵੱਖ-ਵੱਖ ਚੀਜਾਂ ਨੂੰ ਛੂਹਣਾ, ਕੱਟਣਾ, ਫੜਨਾ ਆਦਿ ਕਰਨ ਦਾ ਪ੍ਰਯਾਸ ਕੀਤਾ ਜਾਂਦਾ ਹੈ।
2. **ਆਈਕੋਨਿਕ (Iconic) ਪੱਧਰ :** ਇਸ ਪੱਧਰ 'ਤੇ ਸੂਚਨਾ ਚਿੱਤਰ-ਦ੍ਰਿਸ਼ਾਂ ਦੀ ਯਾਦਾਸ਼ਤ ਰਾਹੀਂ ਵਿਕਸਿਤ ਕੀਤੀ ਜਾਂਦੀ ਹੈ ਪਰੰਤੂ ਬੱਚਾ ਆਪਣੀ ਸੰਵੇਦੀ ਪ੍ਰਭਾਵਾਂ ਰਾਹੀਂ ਹੀ ਕੋਈ ਨਿਰਣਾ ਲੈਂਦਾ ਹੈ।
3. **ਸਿੰਬੋਲਿਕ (Symbolic) ਪੱਧਰ :** ਇਸ ਪੱਧਰ 'ਤੇ ਬੱਚਾ ਵੱਖ-ਵੱਖ ਚਿੰਨ੍ਹਾਂ ਰਾਹੀਂ ਅਰਥਾਂ ਨੂੰ ਸਮਝਦਾ ਹੈ ਅਤੇ ਵਿਆਖਿਆ ਕਰਦਾ ਹੈ ਅਤੇ ਸਮੱਸਿਆਵਾਂ ਨੂੰ ਹਲ ਕਰਨ ਲਈ ਸੂਤਰਾਂ ਦਾ ਪ੍ਰਯੋਗ ਕਰਦਾ ਹੈ।

**ਰਚਨਾਤਮਿਕਵਾਦ ਦੀਆਂ ਕਿਸਮਾਂ :**

1. **ਪਿਆਜੇ ਦਾ ਗਿਆਨਾਤਮਕ ਰਚਨਾਤਮਿਕਵਾਦ :** ਜੀਨ ਪਿਆਜੇ ਦੇ ਕੰਮ ਦਾ ਆਧਾਰ ਗਿਆਨਾਤਮਕ ਰਚਨਾਤਮਿਕਵਾਦ ਹੀ ਸੀ। ਅਧਿਆਪਕ ਨੂੰ ਕੁਝ ਕੰਮ ਦੇ ਕੇ ਮੁਸ਼ਕਲਾਂ ਪੇਸ਼ ਕਰਦੇ ਹੋਏ ਗਿਆਨਾਤਮਕ ਤਬਦੀਲੀ ਕਰਨੀ ਚਾਹੀਦੀ ਹੈ, ਜਿਹੜੀ ਬੱਚਿਆਂ ਲਈ ਡਿਲੇਮਾ ਹੁੰਦੀ ਹੈ।
2. **ਸਾਮਾਜਿਕ ਰਚਨਾਤਮਿਕਵਾਦ :** ਸਮਾਜਿਕ ਰਚਨਾਤਮਿਕਵਾਦ ਇਹ ਮੰਨਦੀ ਹੈ ਕਿ ਗਿਆਨ ਦੇ ਦੋ ਭਾਗ ਹੁੰਦੇ ਹਨ – ਮਨੁੱਖ ਅਤੇ ਸਮਾਜ। ਜਿਨ੍ਹਾਂ ਨੂੰ ਕਿਸੇ ਵੀ ਅਰਥ-ਭਰਪੂਰ ਢੰਗ ਨਾਲ ਇੱਕ-ਦੂਜੇ ਤੋਂ ਵੱਖ ਨਹੀਂ ਦੇਖਿਆ

ਜਾ ਸਕਦਾ। ਸਮਾਜਿਕ ਰਚਨਾਤਮਿਕਵਾਦ ਦੋ ਪਹੁੰਚਾਂ 'ਤੇ ਆਧਾਰਿਤ ਹੈ – ਸਿਚੁਏਟਿਡ ਗਿਆਨ ਅਤੇ ਸਮਾਜਿਕ-ਸੱਭਿਆਚਾਰਕ ਗਿਆਨ। ਇਹ ਦੋਵੇਂ ਰੂਪ ਵਾਤਾਵਰਨ ਦੇ ਸੰਦਰਭ ਵਿੱਚ ਅਰਥਭਰਪੂਰ ਅਤੇ ਸੰਮਲਿਤ ਸਿੱਕਿਆ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ। ਸਿਚੁਏਟਿਡ ਗਿਆਨ ਪਛਾਣ ਕਰਦਾ ਹੈ ਕਿ ਮਨੁੱਖ ਸਮਾਜਿਕ ਵਾਤਾਵਰਨ ਦੇ ਸੰਦਰਭ ਵਿੱਚ ਗਿਆਨ ਨੂੰ ਟਰਾਂਸਫੋਰਮ ਕਰਦਾ ਹੈ, ਦੋਵੇਂ ਮਨੁੱਖ ਅਤੇ ਵਾਤਾਵਰਨ ਅੰਤਰਕ੍ਰਿਆ ਦੇ ਸਿੱਟੇ ਵਜੋਂ ਬਦਲਦੇ ਹਨ। ਗਿਆਨਾਤਮਿਕਵਾਦ ਦਾ ਸਮਾਜਿਕ-ਸੱਭਿਆਚਾਰਕ ਰੂਪ ਅਰਥ-ਭਰਪੂਰ ਸੰਮਲਿਤ ਸਿੱਖਣ ਵੱਲ ਧਿਆਨ ਕੇਂਦਰਿਤ ਕਰਦਾ ਹੈ।

**ਰਚਨਾਤਮਵਾਦ ਦੀ ਮੁੱਖ ਵਿਚਾਰਧਾਰਾ :**

ਇੱਕ ਸਿਖਿਆਰਥੀ ਵਜੋਂ ਸਾਡੀ ਸੰਸਾਰ ਪ੍ਰਤੀ ਸਮਝ ਉਹਨਾਂ ਤਜ਼ਰਬਿਆਂ 'ਤੇ ਆਧਾਰਿਤ ਹੁੰਦੀ ਹੈ, ਜਿਨ੍ਹਾਂ ਵਿਚ ਅਸੀਂ ਰਹਿੰਦੇ ਹਾਂ ਅਤੇ ਵੱਧਦੇ ਹਾਂ। ਅਸੀਂ ਭੂਤ ਅਤੇ ਵਰਤਮਾਨ ਵਿਚੋਂ ਗਿਆਨ ਨੂੰ ਚੁਣ ਲੈਂਦੇ ਹਾਂ ਅਤੇ ਉਸਨੂੰ ਨਵੇਂ ਨਿਜੀ ਗਿਆਨ ਅਤੇ ਸਮਝ ਵਿੱਚ ਬਦਲ ਲੈਂਦੇ ਹਾਂ।

**ਰਚਨਾਤਮਕਵਾਦੀ ਅਧਿਆਪਨ ਅਤੇ ਸਿੱਖਣ ਦੀਆਂ ਵਿਸ਼ੇਸ਼ਤਾਵਾਂ :**

ਹੋਨਬਿਨ (1996) ਨੇ ਰਚਨਾਤਮਕ ਸਿੱਖਣ ਵਾਤਾਵਰਨ ਦੇ ਸੱਤ ਉਦੇਸ਼ਾਂ ਦਾ ਵਰਨਣ ਕੀਤਾ :

1. ਗਿਆਨ ਰਚਨਾਤਮਿਕ ਪ੍ਰਕ੍ਰਿਆ ਦੇ ਨਾਲ ਤਜ਼ਰਬੇ ਪ੍ਰਦਾਨ ਕਰਨਾ।
2. ਵੱਖ-ਵੱਖ ਤਰ੍ਹਾਂ ਦੇ ਦ੍ਰਿਸ਼ਟੀਕੋਣਾਂ ਲਈ ਪ੍ਰਸ਼ੰਸ਼ਾ ਅਤੇ ਤਜ਼ਰਬੇ ਪ੍ਰਦਾਨ ਕਰਨਾ।
3. ਯਥਾਰਥਕ ਅਤੇ ਢੁੱਕਵੇਂ ਸੰਦਰਭਾਂ ਵਿੱਚ ਸਿੱਖਣਾ।
4. ਸਿੱਖਣ ਪ੍ਰਕ੍ਰਿਆ ਵਿਚ ਮਾਲਕੀ ਅਤੇ ਆਵਾਜ ਨੂੰ ਉਤਸ਼ਾਹਿਤ ਕਰਨਾ।
5. ਸਾਮਾਜਿਕ ਤਜ਼ਰਬਿਆਂ ਵਿਚ ਸਿੱਖਣਾ।
6. ਪੇਸ਼ਕਾਰੀ ਦੇ ਵੱਖ-ਵੱਖ ਢੰਗਾਂ ਦੇ ਪ੍ਰਯੋਗ ਕਰਨ ਨੂੰ ਉਤਸ਼ਾਹ ਦੇਣਾ।
7. ਗਿਆਨ ਰਚਨਾਤਮਿਕ ਪ੍ਰਕ੍ਰਿਆ ਵਿੱਚ ਸਵੈ-ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ।

**ਰਚਨਾਤਮਕਵਾਦ ਦੇ ਸੰਬੰਧ ਵਿਚ ਅਧਿਆਪਨ ਅਤੇ ਸਿੱਖਣ**

**(ੳ) ਸਿਖਿਆਰਥੀ-ਰਚਨਾਤਮਿਕਵਾਦ ਦੇ ਸੰਬੰਧ ਵਿਚ :** ਰਚਨਾਤਮਿਕਵਾਦ ਦੇ ਸੰਬੰਧ ਵਿਚ ਸਿਖਿਆਰਥੀ ਦੇ ਸੁਭਾਅ ਦਾ ਵਰਨਣ ਇਸ ਤਰ੍ਹਾਂ ਹੈ :

1. **ਸਿਖਿਆਰਥੀ ਇਕ ਵਿਲੱਖਣ ਵਿਅਕਤੀ ਦੇ ਤੌਰ ਤੇ :** ਇਹ ਸਿਧਾਂਤ ਵਿਦਿਆਰਥੀ ਨੂੰ ਵਿਲੱਖਣ ਜਰੂਰਤਾਂ ਅਤੇ ਪਿਛੋਕੜ ਦੇ ਕਾਰਨ ਵਿਲੱਖਣ ਮੰਨਦਾ ਹੈ। ਸਿਖਿਆਰਥੀ ਨੂੰ ਗੁੰਝਲਦਾਰ ਅਤੇ ਬਹੁ-ਆਯਾਮ ਦੇ ਤੌਰ ਤੇ ਦੇਖਿਆ ਜਾ ਸਕਦਾ ਹੈ। ਸਮਾਜਿਕ ਰਚਨਾਤਮਿਕਵਾਦ ਇਸਨੂੰ ਸਿੱਖਣ ਪ੍ਰਕ੍ਰਿਆ ਦੇ ਇੱਕ ਅਟੁੱਟ ਹਿੱਸੇ ਦੇ ਤੌਰ 'ਤੇ ਉਤਸ਼ਾਹਿਤ ਅਤੇ ਸਨਮਾਨਿਤ ਕਰਦਾ ਹੈ।
2. **ਵਿਦਿਆਰਥੀ ਦਾ ਪਿਛੋਕੜ ਅਤੇ ਸੱਭਿਆਚਾਰ :** ਇੱਕ ਖਾਸ ਸੱਭਿਆਚਾਰ ਦਾ ਮੈਂਬਰ ਹੋਣ ਦੇ ਨਾਤੇ ਵਿਦਿਆਰਥੀ ਕਈ ਤਰ੍ਹਾਂ ਚਿੰਨ੍ਹ ਸਿਸਟਮ ਜਿਵੇਂ ਭਾਸ਼ਾ, ਤਰਕ ਅਤੇ ਗਣਿਤ ਦੀਆਂ ਵਿਧੀਆਂ ਗ੍ਰਹਿਣ ਕਰਦਾ ਹੈ ਅਤੇ ਆਪਣੀ ਪੂਰੀ ਜਿੰਦਗੀ ਵਿੱਚ ਸਿੱਖਦਾ ਜਾਂਦਾ ਹੈ। ਇਸ ਸਿਧਾਂਤ ਦੇ ਅਨੁਸਾਰ ਸਿਖਿਆਰਥੀ ਦੀ ਸਮਾਜ ਦੇ ਦੂਜੇ ਮੈਂਬਰਾਂ ਨਾਲ ਸਮਾਜਿਕ ਅੰਤਰਕ੍ਰਿਆ ਹੋਣੀ ਵੀ ਬਹੁਤ ਜਰੂਰੀ ਹੈ। ਨੌਜਵਾਨ ਬੱਚੇ ਦੂਜੇ ਬੱਚਿਆਂ ਨਾਲ ਬਾਲਗਾਂ ਨਾਲ ਅਤੇ ਆਪਣੇ ਭੌਤਿਕ ਸੰਸਾਰ ਨਾਲ ਅੰਤਰਕ੍ਰਿਆਂ ਕਰਕੇ ਆਪਣੀਆਂ ਚਿੰਤਨ ਸ਼ਕਤੀਆਂ ਦਾ ਵਿਕਾਸ ਕਰਦੇ ਹਨ।
3. **ਸਿਖਿਆਰਥੀਆਂ ਦੀ ਭਾਗੀਦਾਰੀ :** ਰਚਨਾਤਮਿਕਵਾਦ ਦੇ ਸਿਧਾਂਤ ਦੇ ਅਨੁਸਾਰ, ਵਿਦਿਆਰਥੀ ਸਿੱਖਣ ਪ੍ਰਕ੍ਰਿਆ ਵਿੱਚ ਕ੍ਰਿਆਸ਼ੀਲ ਹੋਕੇ ਆਪਣੀ ਸਮਝ ਜਾਂ ਗਿਆਨ ਦੀ ਰਚਨਾ ਆਪ ਕਰਦੇ ਹਨ। ਉਹ ਪ੍ਰਾਪਤ ਗਿਆਨ ਦਾ ਅਰਥ ਲੱਭਦੇ ਹਨ ਅਤੇ ਪੂਰੀ ਸੂਚਨਾ ਨੂੰ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ।
4. **ਸਿੱਖਣ ਲਈ ਪ੍ਰੇਰਣਾ :** ਇਹ ਸਿਧਾਂਤ ਵਿਦਿਆਰਥੀ ਦੀ ਪ੍ਰੇਰਨਾ ਦੇ ਪੱਧਰ ਅਤੇ ਸਾਧਨ ਦੀ ਵੀ ਗੱਲ ਕਰਦਾ ਹੈ।

**(ਅ) ਰਚਨਾਤਮਿਕਵਾਦ ਦੇ ਸੰਬੰਧ ਵਿਚ ਅਧਿਆਪਕ :** ਇਸ ਸਿਧਾਂਤ ਦੇ ਅਨੁਸਾਰ ਅਧਿਆਪਕ ਸੁਵਿਧਾ ਦੇਣ ਵਾਲੇ (facilitatoe) ਦਾ ਰੋਲ ਅਦਾ ਕਰਦੇ ਹਨ।

- ਪ੍ਰਸ਼ਨ ਪੁੱਛਣੇ
- ਪਿੱਛੋਂ ਸਹਿਯੋਗ ਦੇਣਾ
- ਨਿਰਦੇਸ਼ਿਤ ਕਰਦਾ ਹੈ ਅਤੇ ਸਿਖਿਆਰਥੀ ਨੂੰ ਆਪਣੇ ਸਿੱਟਿਆਂ 'ਤੇ ਪਹੁੰਚਣ ਲਈ ਵਾਤਾਵਰਨ ਤਿਆਰ ਕਰਦਾ ਹੈ।
- ਬੱਚਿਆਂ ਨੂੰ ਆਪਣੀ ਪਹਿਲਕਦਮੀ ਰਾਹੀਂ ਆਪਣੇ ਸਿੱਖਣ ਤਜ਼ਰਬਿਆਂ ਨੂੰ ਅਪਣਾਉਣ ਦੇ ਯੋਗ ਬਣਾਉਣਾ ਤਾਂਕਿ ਵਿਦਿਆਰਥੀ ਆਪਣੇ ਮੁੱਲਾਂ ਨੂੰ ਬਣਾ ਸਕਣ।
- ਅਧਿਆਪਕ ਬੱਚਿਆਂ ਦੀ ਅਗਵਾਈ ਕਰਦਾ ਹੈ ਅਤੇ ਵਿਦਿਆਰਥੀਆਂ ਨੂੰ ਸਿੱਖਣ ਦੇ ਯੋਗ ਬਣਾਉਣਾ।

**3.1.5.3 ਰਚਨਾਤਮਕਵਾਦ ਦੇ ਅਧਿਆਪਨ-ਸਿੱਖਣ ਪ੍ਰਕ੍ਰਿਆ ਵਿਚ ਲਾਭ :**

ਰਚਨਾਤਮਿਕਵਾਦ ਦੀ ਪਹੁੰਚ ਸਿੱਖਿਆ ਦੇ ਖੇਤਰ ਵਿੱਚ ਵੀ ਲਾਗੂ ਕੀਤੀ ਜਾ ਸਕਦੀ ਹੈ। ਹੇਠ ਲਿਖੇ ਤੱਥ ਇਸਦੀ ਪੁਸ਼ਟੀ ਕਰਦੇ ਹਨ :

1. ਸਿਖਿਆਰਥੀਆਂ ਨੂੰ ਪ੍ਰਯੋਗ ਦੁਆਰਾ ਸਿੱਖਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਇਹ ਨਹੀਂ ਦੱਸਣਾ ਚਾਹੀਦਾ ਕਿ ਕੀ ਹੋਣ ਜਾ ਰਿਹਾ ਹੈ। ਉਹਨਾਂ ਨੂੰ ਆਪ ਹੀ ਖੋਜ ਕਰਨ ਦੇਣੀ ਚਾਹੀਦੀ ਹੈ ਅਤੇ ਸਿੱਟੇ ਕੱਢਣੇ ਚਾਹੀਦੇ ਹਨ।
2. ਅਧਿਆਪਕ ਨੂੰ ਬੱਚਿਆਂ ਦੀ ਪਹਿਲਾਂ ਪ੍ਰਾਪਤ ਜਾਣਕਾਰੀ ਦੁਆਰਾ ਨਵੀਂ ਸੂਚਨਾ ਸਿੱਖਣ ਵਿੱਚ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ।
3. ਅਧਿਆਪਕ ਨੂੰ ਵਿਦਿਆਰਥੀ ਦੁਆਰਾ ਪ੍ਰਾਪਤ ਕੀਤੇ ਗਿਆਨ ਦਾ ਨਿਰੰਤਰ ਮੁਲਾਂਕਣ ਕਰਨਾ ਚਾਹੀਦਾ ਹੈ ਤਾਂਕਿ ਇਹ ਸਿੱਧ ਹੋ ਜਾਵੇ ਕਿ ਨਵੀਂ ਸੂਚਨਾ ਪ੍ਰਤੀ ਬੱਚਿਆਂ ਦਾ ਪ੍ਰਤੱਖੀਕਰਨ ਕਿਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦਾ ਅਧਿਆਪਕ ਚਾਹੁੰਦੇ ਸਨ।
4. ਜਦੋਂ ਬੱਚਾ ਨਵੀਂ ਸੂਚਨਾ ਨੂੰ ਪੁਰਾਣੀ ਸੂਚਨਾ ਨੂੰ ਆਧਾਰ ਬਣਾਕੇ ਪ੍ਰਾਪਤ ਕਰਦਾ ਹੈ ਤਾਂ ਉਸ ਸਮੇਂ ਅਧਿਆਪਕ ਨੂੰ ਚੇਤੰਨ ਰਹਿਣਾ ਚਾਹੀਦਾ ਹੈ।
5. ਅਧਿਆਪਕ ਗਲਤੀ ਦਾ ਪਤਾ ਲਗਾਕੇ ਉਸਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਾ ਹੈ। ਅਧਿਆਪਕ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੁਝ ਗਲਤੀਆਂ ਨਿਰੰਤਰ ਹੁੰਦੀਆਂ ਰਹਿੰਦੀਆਂ ਹਨ।
6. ਅਧਿਆਪਕਾਂ ਨੂੰ ਵਿਦਿਆਰਥੀਆਂ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ ਜਦੋਂ ਉਹ ਕੋਈ ਗਤੀਵਿਧੀਆਂ ਕਰ ਰਹੇ ਹੋਣ। ਅਧਿਆਪਕ ਨੂੰ ਵਿਦਿਆਰਥੀਆਂ ਤੋਂ ਉਹਨਾਂ ਦੀ ਤਰਕ-ਸ਼ਕਤੀ ਦੀ ਉੱਨਤੀ ਲਈ ਪ੍ਰਸ਼ਨ ਪੁੱਛਣੇ ਚਾਹੀਦੇ ਹਨ।
7. ਜਦੋਂ ਕੋਈ ਦਵੰਦ ਪੈਦਾ ਹੋ ਜਾਵੇ ਤਾਂ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀ ਦੀ ਮਦਦ ਕਰੇ ਅਤੇ ਉਸ ਦਵੰਦ ਵਿਚੋਂ ਹੀ ਨਵੀਆਂ ਚੀਜਾਂ ਵਿਦਿਆਰਥੀ ਲਈ ਕੱਢਣ ਦੀ ਕੋਸ਼ਿਸ਼ ਕਰੇ।
8. ਰਚਨਾਤਮਿਕਵਾਦ ਅਧਿਆਪਕ ਨੂੰ ਇਸ ਯੋਗ ਬਣਾ ਦਿੰਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਪਾਠਕ ਅਤੇ ਲੇਖਕ ਬਣਨ ਲਈ ਉਤਸ਼ਾਹਿਤ ਕਰੇ। ਇਹ ਕੰਮ ਵਿਦਿਆਰਥੀਆਂ ਦੁਆਰਾ ਕਹਾਣੀ ਪੜ੍ਹਨ, ਲਿਖਣ ਅਤੇ ਖ਼ੁਦ ਕਹਾਣੀ ਲਿਖਕੇ ਕੀਤਾ ਜਾ ਸਕਦਾ ਹੈ।
9. ਸਿੱਖਿਆ-ਸ਼ਾਸ਼ਤਰੀ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਆਪਣੇ ਸਿਧਾਂਤ ਆਪ ਖੋਜਣ ਲਈ ਉਤਸ਼ਾਹਿਤ ਕਰੇ।

**ਛੋਟੇ ਪ੍ਰਸ਼ਨ :**

1. ਰਚਨਾਤਮਿਕਵਾਦ ਤੋਂ ਤੁਹਾਡਾ ਕੀ ਭਾਵ ਹੈ ?
2. ਅਧਿਆਪਕਾਂ ਲਈ ਰਚਨਾਤਮਿਕਵਾਦ ਦੇ ਕੋਈ ਪੰਜ ਉਪਯੋਗ ਦੱਸੋ।
3. ਵਿਦਿਆਰਥੀਆਂ ਨਾਲ ਰਚਨਾਤਮਿਕਵਾਦ ਕਿਵੇਂ ਸੰਬੰਧਿਤ ਹੈ ? ਵਿਆਖਿਆ ਕਰੋ।

**3.1.6 ਸਾਰ :**

ਸਿੱਖਣ ਦੀਆਂ ਪਹੁੰਚਾਂ ਵਿੱਚ ਵਿਵਹਾਰਵਾਦ, ਗਿਆਨਾਤਮਿਕਵਾਦ ਅਤੇ ਰਚਨਾਤਮਿਕਵਾਦ ਸ਼ਾਮਿਲ ਹੈ। ਇਹ ਸਾਰੇ ਵਾਦ ਮਨੋਵਿਗਿਆਨ ਦੇ ਖੇਤਰ ਨਾਲ ਸੰਬੰਧਿਤ ਹਨ ਅਤੇ ਸਿੱਖਿਆ ਦੇ ਖੇਤਰ ਵਿੱਚ ਇਹਨਾਂ ਦਾ ਪ੍ਰਯੋਗ ਸਿੱਖਣ ਨੂੰ

ਪ੍ਰਭਾਵਸ਼ਾਲੀ ਬਣਾਉਣ ਲਈ ਕੀਤਾ ਜਾਂਦਾ ਹੈ।

ਵਿਵਹਾਰਵਾਦ ਪਹੁੰਚ ਮਨੁੱਖ ਦੀ ਉਤੇਜਕ ਪ੍ਰਤੀ ਅਨੁਕ੍ਰਿਆ ਦੇ ਆਧਾਰ 'ਤੇ ਵਿਵਹਾਰ ਵਿਚ ਸੁਧਾਰ ਨੂੰ ਸਿੱਖਣ ਦੇ ਤੌਰ 'ਤੇ ਵਰਣਿਤ ਕਰਦੀ ਹੈ। ਅਧਿਆਪਨ-ਸਿੱਖਣ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰੇਰਣਾ ਦਾ ਪ੍ਰਯੋਗ, ਭਾਵਨਾਵਾਂ, ਚੰਗਾ ਵਾਤਾਵਰਨ, ਸਿੱਖਣ ਦੇ ਉਦੇਸ਼ਾਂ ਨੂੰ ਪਰਿਭਾਸ਼ਿਤ ਕਰਕੇ ਅਤੇ ਅਣਚਾਹੇ ਵਿਵਹਾਰ ਨੂੰ ਨਿਰਉਤਸ਼ਾਹਿਤ ਕਰਕੇ ਵਿਵਹਾਰਵਾਦ ਨੂੰ ਲਾਗੂ ਕੀਤਾ ਜਾ ਸਕਦਾ ਹੈ। ਗਿਆਨਾਤਮਿਕਵਾਦ ਪਹੁੰਚ ਸਿੱਖਣ ਨੂੰ ਮਾਨਸਿਕ ਪ੍ਰਕ੍ਰਿਆ ਦੇ ਤੌਰ 'ਤੇ ਵਰਨਣ ਕਰਦੀ ਹੈ ਜਿਹੜੀ ਕਿ ਸੂਚਨਾ ਗਿਆਨ-ਇੰਦਰੀਆਂ ਰਾਹੀਂ ਦਿਮਾਗ ਤੱਕ ਪਹੁੰਚਦੀ ਹੈ, ਯਾਦਦਾਸ਼ਤ ਵਿਚ ਸਟੋਰ ਕੀਤੀ ਜਾਂਦੀ ਹੈ ਅਤੇ ਭਵਿੱਖ ਵਿੱਚ ਪ੍ਰਯੋਗ ਕੀਤੀ ਜਾਂਦੀ ਹੈ। ਇਹ ਅਧਿਆਪਕ ਨੂੰ ਇਹ ਜਾਨਣ ਦੇ ਯੋਗ ਬਣਾ ਦਿੰਦੀ ਹੈ ਕਿ ਸਿਖਿਆਰਥੀ ਕੀ ਸੋਚਦੇ ਹਨ ਅਤੇ ਗਿਆਨ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਅਧਿਆਪਨ-ਸਿੱਖਣ ਪ੍ਰਕ੍ਰਿਆ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਇਹ ਸਿਧਾਂਤ ਮਦਦ ਕਰਦਾ ਹੈ।

ਰਚਨਾਤਮਿਕਵਾਦ ਪਹੁੰਚ ਮੰਨਦੀ ਹੈ ਕਿ ਵਿਦਿਆਰਥੀ ਭੂਤ ਅਤੇ ਵਰਤਮਾਨ ਤੋਂ ਪ੍ਰਾਪਤ ਗਿਆਨ ਦੀ ਚੋਣ ਅਤੇ ਸੁਧਾਰ ਕਰਦੇ ਹਨ ਅਤੇ ਉਸ ਚੁਣੇ ਹੋਏ ਗਿਆਨ ਦਾ ਪ੍ਰਯੋਗ ਨਵੇਂ ਨਿਜੀ ਗਿਆਨ ਅਤੇ ਸਮਝ ਨੂੰ ਵਿਕਸਿਤ ਕਰਨ ਲਈ ਕਰਦੇ ਹਨ। ਇਹ ਪਹੁੰਚ ਅਧਿਆਪਕਾਂ ਨੂੰ ਇਸ ਗੱਲ ਨੂੰ ਮੰਨਣ ਦੇ ਯੋਗ ਬਣਾਉਂਦੀ ਹੈ ਕਿ ਵਿਦਿਆਰਥੀ ਸਿੱਖਣ ਪ੍ਰਕ੍ਰਿਆ ਵਿਚ ਕ੍ਰਿਆਸ਼ੀਲ ਹੁੰਦੇ ਹਨ ਅਤੇ ਖੁਦ ਸਿੱਖਦੇ ਹਨ।

| | **ਵਿਵਹਾਰਵਾਦ** | **ਗਿਆਨਾਤਮਿਕਵਾਦ** | **ਰਚਨਾਤਮਕਵਾਦ** |
|---|---|---|---|
| ਗਿਆਨ ਹੈ | ਵਾਤਾਵਰਨ ਦੇ ਬਾਹਰੀ ਤੱਥਾਂ ਪ੍ਰਤੀ ਪ੍ਰਤੀਕ੍ਰਿਆ | ਵਿਅਕਤੀ ਦੀ ਮਾਨਸਿਕ ਕ੍ਰਿਆ ਵਿਚ ਅਮੂਰਤ ਚਿੰਨ੍ਹਕ ਪੇਸ਼ਕਾਰੀ | ਹਰੇਕ ਮਨੁੱਖ ਦੁਆਰਾ ਸਿੱਖਣ ਦੇ ਦੌਰਾਨ ਰਚਨਾ ਕਰਨੀ |
| ਸਿੱਖਣਾ ਹੈ | ਵਿਵਹਾਰ ਵਿਚ ਤਬਦੀਲੀ | ਵਿਦਿਆਰਥੀ ਦੀ ਸੂਝ ਵਿਚ ਤਬਦੀਲੀ | ਅਰਥ ਦੀ ਖੋਜ ਅਤੇ ਰਚਨਾ ਕਰਨੀ |
| ਸਿੱਖਣ ਦਾ ਫ਼ੋਕਸ ਹੁੰਦਾ ਹੈ | ਸੰਬੰਧਾਂ 'ਚ ਅਤੇ ਵਿਵਹਾਰਿਕ ਅਨੁਕੂਲਨ ਵਿਚ | ਅਰਥ ਸਮਝਣੇ ਅਤੇ ਯਾਦਦਾਸ਼ਤ ਵਿਚ ਸੁਧਾਰ | ਸਮੱਸਿਆ-ਹਲ ਅਤੇ ਰਚਨਾਵਾਂ ਕਰਨੀਆਂ |
| ਸਿੱਖਣ ਦੀ ਕੁੰਜੀ ਧਾਰਨਾ | ਪੁਨਰਬਲਨ ਅਤੇ ਪ੍ਰੋਗਰਾਮਿੰਗ ਸਿੱਖਣਾ | ਵਿਸਤਾਰ ਕਰਨਾ | ਅੰਦਰੂਨੀ ਪ੍ਰੇਰਨਾ |
| ਆਧਾਰਿਤ ਹੈ | ਅਧਿਆਪਕ 'ਤੇ | ਵਿਦਿਆਰਥੀ 'ਤੇ | ਵਿਦਿਆਰਥੀ 'ਤੇ |

### 3.1.7 ਸ਼ਬਦ-ਕੁੰਜੀ :

**ਵਿਵਹਾਰ** : ਪ੍ਰਾਣੀ ਦੀ ਅਜਿਹੀ ਗਤੀਵਿਧੀ ਜੋਕਿ ਦੂਜੇ ਪ੍ਰਾਣੀਆਂ ਦੁਆਰਾ ਦੇਖੀ ਜਾਂਦੀ ਹੈ ਅਤੇ ਮਾਪੀ ਜਾਂਦੀ ਹੈ।

**ਵਿਵਹਾਰਵਾਦ** : ਇਹ ਵਿਵਹਾਰ ਦੇ ਵਿਗਿਆਨ ਦਾ ਦਰਸ਼ਨ-ਸ਼ਾਸ਼ਤਰ ਹੈ।

**ਗਿਆਨਾਤਮਿਕਤਾ** : ਇਹ ਸ਼ਬਦ ਸੂਚਨਾਵਾਂ ਦੀਆਂ ਪ੍ਰਕ੍ਰਿਆਵਾਂ, ਗਿਆਨ ਨੂੰ ਲਾਗੂ ਕਰਨਾ ਅਤੇ ਬਦਲਦੀਆਂ ਪਹਿਲੂਆਂ ਨਾਲ ਸੰਬੰਧਿਤ ਹੈ।

**ਗੈਸਟਾਲਟ** : ਇਸਦਾ ਭਾਵ ਹੈ ਪੈਟਰਨ, ਆਕਾਰ, ਰੂਪ ਜਾਂ ਸੰਗਠਨ

**ਗਿਆਨਾਤਮਿਕਵਾਦ** : ਇਹ ਸਿੱਖਣ ਦਾ ਮਨੋਵਿਗਿਆਨ ਹੈ ਜਿਹੜੀ ਉਪਕਲਪਨਾਵਾਂ ਨੂੰ ਬਣਾਉਣ ਅਤੇ ਬੋਧਿਕਤਾ

ਨੂੰ ਵਿਕਸਿਤ ਕਰਨ 'ਤੇ ਜ਼ੋਰ ਦਿੰਦੀ ਹੈ।

**ਰਚਨਾਤਮਿਕਵਾਦ** : ਇਹ ਗਿਆਨ-ਮੀਮਾਂਸਾ ਹੈ। ਇਹ ਸਿੱਖਣ ਜਾਂ ਅਰਥਾਂ ਨੂੰ ਬਣਾਉਣ ਵਾਲਾ ਸਿਧਾਂਤ ਹੈ ਜਿਹੜਾ ਇਹ ਦੱਸਦਾ ਹੈ ਕਿ ਪ੍ਰਾਣੀ ਪਹਿਲਾਂ ਸਿੱਖੇ ਹੋਏ ਵਿਚਾਰਾਂ ਜਾਂ ਸੂਝ ਤੋਂ ਹੀ ਆਪਣੇ ਨਵੇਂ ਗਿਆਨ ਦੀ ਰਚਨਾ ਕਰਦੇ ਹਨ।

**ਪਰੋਕਸੀਮਲ ਵਿਕਾਸ ਦਾ ਖੇਤਰ** : ਇਹ ਉਹ ਖੇਤਰ ਹੈ, ਜਿਸ ਵਿਚ ਵਿਦਿਆਰਥੀ ਗਿਆਨਾਤਮਿਕ ਪੱਧਰ 'ਤੇ ਤਿਆਰ ਹੁੰਦਾ ਹੈ ਪਰੰਤੂ ਉਸਨੂੰ ਪੂਰੀ ਤਰ੍ਹਾਂ ਵਿਕਸਿਤ ਹੋਣ ਲਈ ਮਦਦ ਅਤੇ ਸਾਮਾਜਿਕ ਅੰਤਰਕ੍ਰਿਆ ਦੀ ਲੋੜ ਪੈਂਦੀ ਹੈ।

### 3.1.8 ਸੁਝਾਏ ਗਏ ਪ੍ਰਸ਼ਨ :

1. ਵਿਵਹਾਰਵਾਦ ਦੀ ਧਾਰਨਾ ਦੀ ਵਿਸਤਾਰ ਨਾਲ ਵਿਆਖਿਆ ਕਰੋ। ਜਮਾਤ ਵਿਚ ਅਧਿਆਪਨ-ਸਿੱਖਣ ਪ੍ਰਕ੍ਰਿਆ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਲਈ ਇਹ ਕਿਵੇਂ ਉਪਯੋਗੀ ਹੈ ?
2. ਗਿਆਨਾਤਮਿਕਵਾਦ ਦੀ ਵਿਸਤਾਰ ਨਾਲ ਵਿਆਖਿਆ ਕਰੋ। ਜਮਾਤ ਵਿਚ ਤੁਸੀਂ ਗਿਆਨਾਤਮਿਕਵਾਦ ਦੇ ਪ੍ਰਯੋਗ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਕਿਵੇਂ ਪੜ੍ਹਾ ਸਕਦੇ ਹੋ ?
3. ਰਚਨਾਤਮਿਕਵਾਦ ਦਾ ਕੀ ਅਰਥ ਹੈ ? ਰਚਨਾਤਮਿਕਵਾਦ ਸਿੱਖਣ-ਅਧਿਆਪਨ ਦੇ ਕੀ-ਕੀ ਲੱਛਣ ਹਨ? ਅਧਿਆਪਕ ਅਤੇ ਵਿਦਿਆਰਥੀ ਦੀ ਰਚਨਾਤਮਿਕਵਾਦ ਦੇ ਸੰਬੰਧ ਵਿੱਚ ਵਿਆਖਿਆ ਕਰੋ।
4. ਵਿਵਹਾਰਵਾਦ, ਗਿਆਨਾਤਮਿਕਵਾਦ ਅਤੇ ਰਚਨਾਤਮਿਕਵਾਦ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕਰੋ।

### 3.1.9 ਪੜ੍ਹਨਾ ਅਤੇ ਵੈੱਬ ਸਰੋਤ ਸੁਝਾਈ :


Khan, S.H. (2015) Constructivism towards a paradigm shift in classroom teaching & learning. Edutracks 14 (9),21-25.

Ramulu, Ch.A (2015). Enhancement of student learning in biology using Constructivism Edutracks. 14 (9),20-22.

Nair, S.S & Chellamani, K. (2015) integration of constructivism with digital portfolio. Edutracks. 12 (1) 16-17

Srinivas, K. (2015), effectiveness of constructivist approach on the achievements in science of IX standard students, Edutracks. 12(9) 23-24.

Singh Agyajit (2010). Learner, learning & cognition. Patiala, Twenty First Century Publications, pp. 209-219.

Aggarwal J. C. (2007). Essentials of educational psychology. New Delhi, Vikas Publishing house, pvt. ltd. p. 284.

Chaube. S.P. (2004) Child Psychology, Agra, Lakshmi Narayan Aggarwal Publications.

http://en.wikipedia.org/wiki/behaviourism

http://en.wikipedia.org/wiki/learning-theory-(education)

www.hopkinsmedicine.org>........>student policies.

http://www.slideshare.net/mohile/hamiraphind/implications of cognitive-development-in teaching & learning.

www.chegg.com/homework-help/cognitivism-13.

http://teachinglearningresource.powerks.com/w/page/31012664/cognitivism.

**3.1.10 ਸਵੈ-ਚੈੱਕ ਅਭਿਆਸ :**

ਢੁੱਕਵੇਂ ਸ਼ਬਦਾਂ ਰਾਹੀਂ ਖਾਲੀ ਥਾਵਾਂ ਭਰੋ :

1. ਬੀ-ਐਫ-ਸਕਿੱਨਰ ਨੇ ਦੱਸਿਆ ਕਿ __________ ਵਿਵਹਾਰ ਦੇ ਵਿਗਿਆਨ ਪਿੱਛੇ ਦਰਸ਼ਨ-ਸ਼ਾਸਤਰ ਹੈ।
2. ਸਿੱਖਣ ਦੀ __________ ਪਹੁੰਚ ਆਪਣੇ ਵਿਚ ਮਾਨਸਿਕ ਪ੍ਰਤੀਬਿੰਬਾਂ ਦੀ ਰਚਨਾ ਸੋਚ, ਤਰਕ, ਯਾਦਦਾਸ਼ਤ ਅਤੇ ਭਾਸ਼ਾ ਰਾਹੀਂ ਸ਼ਾਮਿਲ ਕਰਦੀ ਹੈ।
3. ਸਿੱਖਣ ਵਿਚ ਅਨੁਕੂਲਨ ਦੀਆਂ ਦੋ ਕਿਸਮਾਂ __________ ਅਤੇ __________ ਹੁੰਦੀਆਂ ਹਨ।
4. ਰਚਨਾਤਮਿਕਵਾਦ ਦੇ ਅਨੁਸਾਰ, ਅਧਿਆਪਕ ਨੂੰ __________ ਦੀ ਭੂਮਿਕਾ ਅਦਾ ਕਰਨੀ ਪੈਂਦੀ ਹੈ।
5. ਸਿੱਖਣ ਦੀ __________ ਪਹੁੰਚ ਅਨੁਸਾਰ ਅੰਤਰਦ੍ਰਿਸ਼ਟੀ ਦੇ ਵਿਕਾਸ ਲਈ ਸਿੱਖਣਾ ਜਰੂਰੀ ਹੈ।

ਪਾਠ ਨੰ. 1.4 ਲੇਖਕ : ਡਾ. ਮੰਜੂ ਸੂਦ

## ਅਕਾਦਮਿਕ ਸਿੱਖਣ ਲਈ ਅਧਿਆਪਨ :
## ਉਦੇਸ਼, ਵਰਗੀਕਰਨ (ਟੈਕਸੋਨੋਮੀ) ਦੀ ਵਰਤੋਂ ਕਰਦੇ ਹੋਏ ਲਚਕੀਲੀ ਅਤੇ ਰਚਨਾਤਮਕ ਯੋਜਨਾਬੰਦੀ, ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ

ਪਾਠ ਦੀ ਸੰਰਚਨਾ

4.1.1 ਪਾਠ ਦੇ ਉਦੇਸ਼
4.1.2 ਪਾਠ ਦੀ ਜਾਣ ਪਛਾਣ
4.1.3 ਉਦੇਸ਼
4.1.3.1 ਉਦੇਸ਼ਾਂ ਦਾ ਅਰਥ, ਪਰਿਭਾਸ਼ਾ ਅਤੇ ਧਾਰਨਾ
4.1.3.2 ਉਦੇਸ਼ਾਂ ਦਾ ਵਰਗੀਕਰਨ (ਟੈਕਸੋਨੋਮੀ)
4.1.3.3 ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣਾ
4.1.3.4 ਪ੍ਰਭਾਵ
4.1.4 ਵਰਗੀਕਰਨ (ਟੈਕਸੋਨੋਮੀ) ਦੀ ਵਰਤੋਂ ਕਰਦੇ ਹੋਏ ਲਚਕੀਲੀ ਅਤੇ ਰਚਨਾਤਮਕ ਯੋਜਨਾਬੰਦੀ
4.1.4.1.1 ਪਾਠ-ਯੋਜਨਾ ਦਾ ਅਰਥ ਅਤੇ ਪਰਿਭਾਸ਼ਾ
4.1.4.1.2 ਵਰਗੀਕਰਨ (ਟੈਕਸੋਨੋਮੀ) ਦੀ ਵਰਤੋਂ ਨਾਲ ਯੋਜਨਾਬੰਦੀ ਪਹੁੰਚਾਂ
4.1.4.1.3 ਪ੍ਰਭਾਵ
4.1.5 ਰਚਨਾਤਮਕ ਨਜ਼ਰੀਏ ਨਾਲ ਯੋਜਨਾਬੰਦੀ
4.1.5.1 ਰਚਨਾਤਮਕਵਾਦ : ਅਰਥ ਅਤੇ ਧਾਰਨਾ
4.1.5.2 ਰਚਨਾਤਮਕਵਾਦ ਆਧਾਰਿਤ ਯੋਜਨਾ ਸਮੇਂ ਧਿਆਨ ਰੱਖਣ ਯੋਗ ਬਿੰਦੂ
4.1.5.3 ਰਚਨਾਤਮਕਵਾਦ ਆਧਾਰਿਤ ਪਾਠ ਦੀ ਸੰਰਚਨਾ
4.1.6 ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ
4.1.6.1 ਅਰਥ
4.1.6.2 ਧਾਰਨਾ
4.1.6.3 ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਦੇ ਪੜਾਅ
4.1.6.4 ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਦੇ ਪ੍ਰਭਾਵ
4.1.7 ਸਾਰ
4.1.8 ਸ਼ਬਦ-ਕੁੰਜੀ
4.1.9 ਸੁਝਾਏ ਗਏ ਪ੍ਰਸ਼ਨ
4.1.10 ਪੜ੍ਹਨ-ਸਮੱਗਰੀ ਸੁਝਾਅ
4.1.11 ਸਵੈ-ਚੈੱਕ ਅਭਿਆਸ

**1.4.1 ਪਾਠ ਦੇ ਉਦੇਸ਼ :**

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ :

(i) ਉਦੇਸ਼ਾਂ ਦਾ ਅਰਥ ਅਤੇ ਮਹੱਤਤਾ ਸਮਝਣ ਸਕਣਗੇ।

(ii) ਉਹਨਾਂ ਦੁਆਰਾ ਪੜ੍ਹਾਏ ਜਾਣ ਵਾਲੇ ਪਾਠਾਂ ਦੇ ਉਦੇਸ਼ ਬਣਾ ਸਕਣਗੇ।

(iii) ਆਪਣੀ ਅਧਿਆਪਨ-ਸਿੱਖਣ ਪ੍ਰਕਿਰਿਆ ਨੂੰ ਵਧੀਆ ਬਣਾ ਸਕਣਗੇ।

(iv) ਵੱਖ-ਵੱਖ ਵਰਗੀਕਰਨਾਂ ਦਾ ਗਿਆਨ ਪ੍ਰਾਪਤ ਕਰਨਗੇ।

(v) ਵੱਖ-ਵੱਖ ਪਹੁੰਚਾ ਨੂੰ ਵਰਤ ਕੇ ਪੜ੍ਹਾਏ ਜਾਣ ਵਾਲੇ ਪਾਠਾਂ ਦੀ ਪਾਠ-ਯੋਜਨਾ ਬਣਾ ਸਕਣਗੇ।

(vi) ਰਚਨਾਤਮਕਵਾਦ ਨਜ਼ਰੀਏ ਨਾਲ ਪਾਠ-ਯੋਜਨਾਬੰਦੀ ਸਮਝ ਸਕਣਗੇ।

(vii) ਏਕੀਕ੍ਰਿਤ ਅਤੇ ਥੀਮੈਟਿਕ ਪਾਠ-ਯੋਜਨਾਬੰਦੀ ਸਮਝ ਸਕਣਗੇ।

**1.4.2 ਪਾਠ ਦੀ ਜਾਣ ਪਛਾਣ :**

ਵਿਦਿਆਰਥੀਆਂ ਦਾ ਅਕਾਦਮਿਕ ਸਿੱਖਣ ਵਧੀਆ ਬਣਾਉਣ ਲਈ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਧਿਆਪਨ ਨੂੰ ਅਸਰਦਾਰ ਬਣਾਉਣ। ਅਧਿਆਪਨ ਦਾ ਪ੍ਰਭਾਵ ਵਧਾਉਣ ਲਈ ਅਧਿਆਪਕ, ਵਿਦਿਆਰਥੀ, ਪਾਠ-ਕ੍ਰਮ ਅਤੇ ਹੋਰ ਤੱਤਾਂ ਨੂੰ ਨਿਸ਼ਚਿਤ ਟੀਚਿਆਂ ਅਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਪਹਿਲਾਂ ਤੋਂ ਹੀ ਪ੍ਰਣਾਲੀਬੱਧ ਤਰੀਕੇ ਨਾਲ ਸੰਗਠਿਤ ਕੀਤਾ ਹੋਣਾ ਚਾਹੀਦਾ ਹੈ। ਯੋਜਨਾਬੰਦੀ ਅਧਿਆਪਕ ਦਾ ਮਹੱਤਵਪੂਰਨ ਕੰਮ ਹੈ ਜਿਸ ਵਿੱਚ ਉਹ ਆਪਣੀ ਕਲਪਨਾ, ਰਚਨਾਤਮਕਤਾ ਅਤੇ ਸਮਝਦਾਰੀ ਨੂੰ ਵਰਤ ਸਕਦਾ ਹੈ। ਇੱਕ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਵਿਸ਼ਾ-ਵਸਤੂ ਦਾ ਵਿਸ਼ਲੇਸ਼ਣ ਕਰੇ, ਉਦੇਸ਼ਾਂ ਨੂੰ ਨਿਸ਼ਚਿਤ ਕਰੇ ਅਤੇ ਉਦੇਸ਼ਾਂ ਨੂੰ ਵਿਵਹਾਰਿਕ ਰੂਪ (ਗਿਆਨਾਤਮਕ, ਪ੍ਰਭਾਵਤਮਕ ਅਤੇ ਸਾਈਕੋਮੋਟਰ) ਰੂਪ ਵਿੱਚ ਲਿਖੇ। ਉਦੇਸ਼ਾਂ ਨੂੰ ਵੱਖ-ਵੱਖ ਵਿਵਹਾਰਿਕ ਰੂਪਾਂ ਵਿੱਚ ਲਿਖਣ ਲਈ ਵੱਖ-ਵੱਖ ਤਰੀਕੇ ਬਲੂਮ (1956); ਕਰੈੱਥ ਵੋਲ੍ਹ ਅਤੇ ਮਾਸੀਆ (1964); ਅਤੇ ਹੈਰੋ (1972) ਅਤੇ ਸਿੰਪਸਨ (1966) ਦੁਆਰਾ ਦਿੱਤੀਆਂ ਗਈਆਂ। ਪਾਠ-ਯੋਜਨਾਂਬੰਦੀਆਂ ਵੱਖ-ਵੱਖ ਪਹੁੰਚਾਂ ਰਾਬਰਟ ਮੀਗਰ, ਰਾਬਰਟ ਮਿੱਲਰ ਅਤੇ ਆਰ.ਸੀ.ਈ. ਐੱਮ ਪਹੁੰਚਾਂ ਹਨ। ਰਚਨਾਤਮਕਵਾਦ ਨਜ਼ਰੀਏ ਨਾਲ ਬਣਾਈ ਪਾਠ-ਯੋਜਨਾ, ਸਿਖਿਆਰਥੀ ਦੀ ਸਰਗਰਮ ਭੂਮਿਕਾ ਅਤੇ ਉਸ ਦੁਆਰਾ ਆਪ ਜਾਣਕਾਰੀ ਪ੍ਰਾਪਤ ਕਰਦਾ ਅਤੇ ਭਾਵ-ਸਮਝਣ ਤੇ ਜ਼ੋਰ ਦਿੰਦੀ ਹੈ। ਏਕੀਕ੍ਰਿਤ ਅਤੇ ਥੀਮੈਟਿਕ ਪਾਠ-ਯੋਜਨਾਬੰਦੀ ਇੱਕ ਅਜਿਹੀ ਪਹੁੰਚ ਹੈ ਜਿਸ ਵਿੱਚ ਪਾਠ-ਕ੍ਰਮ ਦੇ ਬਹੁਤ ਸਾਰੇ ਖੇਤਰਾਂ ਨੂੰ ਇੱਕ ਥੀਮ ਵਿੱਚ ਜੋੜ ਕੇ ਪੜ੍ਹਾਇਆ ਜਾਂਦਾ ਹੈ।

**1.4.3 ਉਦੇਸ਼ :**

**1.4.3.1 ਉਦੇਸ਼ਾਂ ਦਾ ਅਰਥ, ਪਰਿਭਾਸ਼ਾ ਅਤੇ ਧਾਰਨਾ :**

**ਅਰਥ :** ਉਦੇਸ਼ ਇੱਕ ਅਜਿਹਾ ਕਥਨ ਜਾਂ ਕਥਨ-ਸ਼ੇਣੀ ਦਾ ਇਕ ਰੂਪ ਹੈ ਜੋ ਵਿਵਹਾਰ ਵਿੱਚ ਕਿਸੇ ਤਬਦੀਲੀ ਨੂੰ ਦਰਸਾਉਂਦਾ ਹੈ। ਵਿਦਿਅਕ ਉਦੇਸ਼, ਅਧਿਆਪਨ ਕਿਰਿਆਵਾਂ, ਅਧਿਆਪਨ ਰਣਨੀਤੀਆਂ ਅਤੇ ਮੁਲਾਂਕਣਾ ਤਕਨੀਕਾਂ ਲਈ ਆਧਾਰ ਹਨ।

**ਪਰਿਭਾਸ਼ਾ :** ''ਵਿਦਿਅਕ ਉਦੇਸ਼ ਦਾ ਭਾਵ ਉਸ ਤਬਦੀਲੀ ਜਾਂ ਪਰਿਵਰਤਨ ਤੋਂ ਹੈ ਜੋ ਅਸੀਂ ਵਿਦਿਆਰਥੀਆਂ ਵਿੱਚ ਉਤਪੰਨ ਕਰਨ ਦੀ ਕੋਸ਼ਿਸ਼ ਕਰਦੇ ਹਨ।''

''ਵਿਦਿਅਕ ਉਦੇਸ਼ ਕੇਵਲ ਉਹ ਟੀਚੇ ਨਹੀਂ ਹਨ ਜਿਨ੍ਹਾਂ ਅਨੁਸਾਰ ਕੇਵਲ ਪਾਠ-ਕ੍ਰਮ ਨੂੰ ਢਾਲਿਆ ਜਾਂਦਾ ਹੈ ਜਾਂ ਅਧਿਆਪਨ ਨੂੰ ਸੇਧ ਦਿੱਤੀ ਜਾਂਦੀ ਹੈ ਬਲਕਿ ਇਹ ਉਹ ਟੀਚੇ ਵੀ ਹਨ ਜਿਹੜੇ ਪਾਠ-ਕ੍ਰਮ ਨੂੰ ਬਣਾਉਣ ਅਤੇ ਮੁਲਾਂਕਣ ਨੂੰ ਵਰਤਣ ਲਈ ਵੇਰਵਾ ਨਿਰਧਾਰਨ ਮੁਹੱਈਆ ਕਰਾਉਂਦੇ ਹਨ।

ਆਰ.ਐੱਚ ਡੇਵਿਸ ਅਨੁਸਾਰ, ''ਸਿੱਖਣ ਉਦੇਸ਼ (ਨਿਰਦੇਸ਼ਨ-ਉਦੇਸ਼) ਕਿਸੇ ਸਿਖਿਆਰਥੀ ਦੇ ਸਿੱਖਣ ਤੋਂ ਬਾਅਦ ਹੋਣ ਵਾਲੇ ਮਨਜ਼ੂਰ ਵਿਵਹਾਰ ਦੇ ਵੇਰਵੇ ਹਨ।''

**ਧਾਰਨਾ :** ਸਿੱਖਿਆ ਉਦੇਸ਼ ਕਿਸੇ ਸਿੱਖਿਆ ਪ੍ਰਣਾਲੀ ਨੂੰ ਇੱਕ ਆਧਾਰ ਪ੍ਰਦਾਨ ਕਰਦੇ ਹਨ। ਇਹ ਪਾਠ-ਕ੍ਰਮ ਵਿਕਾਸ ਅਤੇ ਹੋਰ ਕਿਰਿਆਵਾਂ ਲਈ ਸੇਧ ਦਿੰਦੇ ਹਨ। ਉਦੇਸ਼ਾਂ ਨੂੰ ਮੁੱਖ ਤੌਰ ਤੇ ਦੋ ਸ਼੍ਰੇਣੀਆਂ ਵਿੱਚ ਰੱਖਿਆ ਜਾ ਸਕਦਾ ਹੈ :-

(ੳ) ਸਿੱਖਿਅਕ ਉਦੇਸ਼ ਜਾਂ ਆਮ ਉਦੇਸ਼

(ਅ) ਅਕਾਦਮਿਕ ਉਦੇਸ਼/ਖਾਸ ਉਦੇਸ਼ ਜਾਂ ਨਿਰਦੇਸ਼ਨ ਉਦੇਸ਼

ਨਿਰਦੇਸ਼ਨ ਸਮੇਂ ਭਾਵ ਕਿਸੇ ਖਾਸ ਪਾਠ ਜਾਂ ਇਕਾਈ ਨੂੰ ਪੜ੍ਹਾਉਣ ਸਮੇਂ, ਇੱਕ ਅਧਿਆਪਕ ਨੂੰ ਕੁੱਝ ਨਿਸ਼ਚਿਤ ਅਤੇ ਖਾਸ ਉਦੇਸ਼ਾਂ ਨੂੰ ਕਿਸੇ ਖਾਸ ਜਮਾਤ, ਸਮਾਂ ਅਤੇ ਸੰਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੜ੍ਹਾਉਣਾ ਚਾਹੀਦਾ ਹੈ। ਇਹਨਾਂ ਖਾਸ ਉਦੇਸ਼ਾਂ ਰਾਹੀਂ ਅਧਿਆਪਕ ਵਿਦਿਆਰਥੀਆਂ ਦੇ ਵਿਵਹਾਰ ਵਿੱਚ ਲੋੜੀਂਦੀ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਨਿਰਦੇਸ਼ਨ ਉਦੇਸ਼ ਕਿਸੇ ਜਮਾਤ ਵਿੱਚ ਦਿੱਤੇ ਗਏ ਨਿਰਦੇਸ਼ਨ ਤੋਂ ਬਾਅਦ ਵਿਦਿਆਰਥੀਆਂ ਦੇ ਟਰਮੀਨਲ ਵਿਵਹਾਰ ਵਿੱਚ ਉਮੀਦ ਕੀਤੀ ਜਾ ਸਕਣ ਵਾਲੀ ਤਬਦੀਲੀ ਦਾ ਵੇਰਵਾ ਹੈ।

**1.4.3.2 ਉਦੇਸ਼ਾਂ ਦਾ ਵਰਗੀਕਰਨ (ਟੈਕਸੋਨੋਮੀ) :**

ਅਧਿਆਪਨ-ਸਿੱਖਣ ਉਦੇਸ਼ ਸਿੱਖਣ ਰਵੱਈਏ ਦੀ ਤਬਦੀਲੀ ਨਾਲ ਸੰਬੰਧਿਤ ਹਨ। ਰਵੱਈਆ ਜਾਂ ਵਿਵਹਾਰ ਨੂੰ ਤਿੰਨ ਡੋਮੇਨਾਂ ਵਿੱਚ ਵੰਡਿਆ ਗਿਆ ਹੈ :- ਗਿਆਨਤਮਕ, ਪ੍ਰਭਾਵਤਮਕ ਅਤੇ ਸਾਈਕੋਮੋਟਰ। ਇਸੇ ਆਧਾਰ ਤੇ ਬੀ.ਐੱਸ. ਬਲੂਮ ਨੇ ਉਦੇਸ਼ਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਹੈ :-

1. ਗਿਆਨਤਮਕ ਉਦੇਸ਼ (Cognitive Objectives)
2. ਪ੍ਰਭਾਵਤਮਕ ਉਦੇਸ਼ (Affective Objectives)
3. ਸਾਈਕੋਮੋਟਰ ਉਦੇਸ਼ (Psychomotor Objectives)

ਉਦੇਸ਼ਾਂ ਦੇ ਵਰਗੀਕਰਨ ਨੂੰ ਟੈਕਸਾਨੋਮੀ ਵੀ ਕਿਹਾ ਜਾਂਦਾ ਹੈ। ਗਿਆਨਤਮਕ ਡੋਮੇਨ ਉਦੇਸ਼, ਬਲੂਮ ਅਤੇ ਉਸਦੇ ਸਾਥੀ (1956); ਪ੍ਰਭਾਵਤਮਕ ਡੋਮੇਨ ਉਦੇਸ਼ ਕਰੈਥ ਵੋਲ੍ਹ, ਬਲੂਮ ਅਤੇ ਮਾਸੀਆ (1964); ਅਤੇ ਸਾਈਕੋਮੋਟਰ ਡੋਮੇਨ ਉਦੇਸ਼ ਹੈਰੋ (1972) ਅਤੇ ਸਿੰਪਸਨ (1986) ਦੁਆਰਾ ਦਿੱਤੇ ਗਏ ਹਨ।

**1.4.3.2 (ੳ) ਗਿਆਨਤਮਕ ਡੋਮੇਨ ਨਾਲ ਸੰਬੰਧਿਤ ਉਦੇਸ਼ਾਂ ਦਾ ਵਰਗੀਕਰਨ :-**

ਬਲੂਮ ਅਤੇ ਉਸਦੇ ਸਾਥੀਆਂ ਨੇ ਗਿਆਨਤਮਕ ਡੋਮੇਨ ਨਾਲ ਸੰਬੰਧਿਤ ਉਦੇਸ਼ਾਂ (ਮਾਨਸਿਕ ਪ੍ਰਕਿਰਿਆ ਸੰਬੰਧੀ) ਨੂੰ ਵੱਧਦੇ ਕ੍ਰਮ ਵਿੱਚ ਨਿਮਨਲਿਖਿਤ ਛੇ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ :-

1. **ਗਿਆਨ (Knowledge) :** ਭਾਵ ਬਿਨਾਂ ਸਮਝੇ, ਵਰਤੇ ਜਾਂ ਬਦਲੇ ਕਿਸੇ ਚੀਜ਼ ਨੂੰ ਯਾਦ ਰੱਖਣਾ ਜਾਂ ਪਛਾਣਨਾ।
2. **ਸਮਝ (Comprehension) :** ਜਿਸ ਸਮੱਗਰੀ ਬਾਰੇ ਗੱਲ ਕੀਤੀ ਜਾ ਰਹੀ ਹੋਵੇ, ਉਸਨੂੰ ਕਿਸੇ ਹੋਰ ਨਾਲ ਜੋੜੇ ਬਿਨਾਂ ਸਮਝਣਾ।
3. **ਐਪਲੀਕੇਸ਼ਨ (ਲਾਗੂ ਕਰਨਾ) (Application) :** ਕਿਸੇ ਖਾਸ ਸਮੱਸਿਆ ਨੂੰ ਹੱਲ ਕਰਨ ਲਈ ਆਮ ਧਾਰਨਾ ਨੂੰ ਵਰਤਣਾ।
4. **ਵਿਸ਼ਲੇਸ਼ਣ (Analysis) :** ਕਿਸੇ ਸਮੱਗਰੀ ਨੂੰ ਛੋਟੇ ਹਿੱਸਿਆਂ ਵਿੱਚ ਵੰਡਣਾ। ਵਿਸ਼ਲੇਸ਼ਣ ਤੋਂ ਭਾਵ ਗੁੰਝਲਦਾਰ ਗਿਆਨਤਮਕ ਪ੍ਰਕਿਰਿਆ ਜੋ ਕਿਸੇ ਵਿਚਾਰ, ਤੱਥ ਜਾਂ ਸਿਧਾਂਤ ਦੇ ਗਿਆਨ, ਸਮਝ ਅਤੇ ਐਪਲੀਕੇਸ਼ਨ ਨੂੰ ਸ਼ਾਮਲ ਕਰਦੀ ਹੈ।
5. **ਸੰਸ਼ਲੇਸ਼ਣ (Synthesis) :** ਇੱਕ ਏਕੀਕ੍ਰਿਤ ਤਸਵੀਰ ਬਣਾਉਣ ਲਈ ਵੱਖ-ਵੱਖ ਵਿਚਾਰ, ਵਸਤੂਆਂ, ਧਾਰਨਾਵਾਂ ਜਾਂ ਸਿਧਾਂਤਾਂ ਦਾ ਨਵੀਨੀਕਰਣ ਕਰਕੇ ਕੁੱਝ ਨਵਾਂ ਸਿਰਜਣਾ।
6. **ਮੁਲਾਂਕਣ (Evaluation) :** ਸਮੱਗਰੀ ਜਾਂ ਢੰਗਾਂ ਦੇ ਮੁੱਲਾਂ (Values) ਨੂੰ ਪਰਖਣਾ ਜੋ ਕਿਸੇ ਖਾਸ ਸਥਿਤੀ ਵਿੱਚ ਲਾਗੂ ਕੀਤੇ ਜਾ ਸਕਦੇ ਹਨ।

ਇਸ ਤਰ੍ਹਾਂ ਬਲੂਮ ਅਤੇ ਉਸਦੇ ਸਾਥੀਆਂ ਨੇ ਕਿਸੇ ਵਿਸ਼ੇ ਨੂੰ ਪੜ੍ਹਾਉਣ ਦੇ ਉਦੇਸ਼ਾਂ ਨੂੰ ਛੇ ਸ਼੍ਰੇਣੀਆਂ ਵਿੱਚ ਵੰਡ ਕੇ, ਕਿਸੇ ਵਿਸ਼ੇ/ਉਪ-ਵਿਸ਼ੇ ਜਾਂ ਇਕਾਈ ਜਾਂ ਸਬ-ਇਕਾਈ ਦੇ ਤੱਤਾਂ ਅਤੇ ਸਿੱਖਣ-ਅਨੁਭਵਾਂ ਦੀ ਇਸ ਤਰ੍ਹਾਂ ਵਰਤੋਂ ਕੀਤੀ ਤਾਂ ਜੋ ਕਿਸੇ ਦੇ ਗਿਆਨਤਮਕ ਡੋਮੇਨ ਵਿੱਚ ਲੋੜੀਂਦੀ ਤਬਦੀਲੀ ਲਿਆਂਦੀ ਜਾ ਸਕੇ।

**1.4.3.2 (ਅ) ਪ੍ਰਭਾਵਤਮਕ ਡੋਮੇਨ ਵਿੱਚ ਉਦੇਸ਼ਾਂ ਦਾ ਵਰਗੀਕਰਣ :**

ਕਰੈਥ ਵੋਲ੍ਹ, ਬਲੂਮ ਅਤੇ ਮਾਸੀਆ (1964) ਨੇ ਪ੍ਰਭਾਵਾਤਮਕ ਡੋਮੇਨ ਵਿੱਚ ਉਦੇਸ਼ਾਂ ਦਾ ਵਰਗੀਕਰਣ ਨਿਮਨ ਅਨੁਸਾਰ ਦਿੱਤਾ ਹੈ :-

1. **ਪ੍ਰਾਪਤੀ (Receiving) :** ਵਾਤਾਵਰਣ ਵਿੱਚ ਕਿਸੇ ਵਸਤੂ ਦਾ ਪਤਾ ਹੋਣਾ ਜਾਂ ਉਸ ਦੀ ਹੋਂਦ ਦਾ ਪਤਾ ਹੋਣਾ।
2. **ਜਵਾਬ (Responding) :** ਤਜ਼ਰਬਾ ਹੋਣ ਦੇ ਨਤੀਜੇ ਵਜੋਂ ਕੁਝ ਨਵਾਂ ਵਿਵਹਾਰ ਦਰਸਾਉਣਾ।
3. **ਮੁੱਲ (Value) :** ਕੁਝ ਨਿਸ਼ਚਿਤ ਸਮੂਲੀਅਤ ਜਾਂ ਵਚਨਬੱਧਤਾ ਦਿਖਾਉਣਾ।
4. **ਪ੍ਰਬੰਧ (Organsiing) :** ਆਪਣੇ ਆਮ ਮੁੱਲਾਂ ਦੇ ਸੈੱਟ ਵਿੱਚ ਇੱਕ ਨਵੇਂ ਮੁੱਲ ਨੂੰ ਸ਼ਾਮਲ ਕਰਨਾ ਅਤੇ ਉਸ ਮੁੱਲ ਨੂੰ ਸੈੱਟ ਵਿੱਚ ਪਹਿਲ ਦੇ ਆਧਾਰ ਤੇ ਦਰਜ਼ਾ ਦੇਣਾ।
5. **ਗੁੰਝਲਦਾਰ ਮੁੱਲ ਪ੍ਰਭਾਵਤਮਕ ਡੋਮੇਨ (Characterization by a value or value complex affective domain) :** ਲਗਾਤਾਰ ਇੱਕ ਨਵ-ਮੁੱਲ ਨਾਲ ਕੰਮ ਕਰਨਾ। ਇਸ ਪੜ੍ਹਾਅ ਤੇ ਸਿਖਿਆਰਥੀ ਆਪਣੀ ਜੀਵਨ ਸ਼ੈਲੀ ਦੇ ਕੁੱਝ ਖਾਸ ਗੁਣ ਸਿੱਖਦਾ ਹੈ।

**1.4.3.2 (ੲ) ਸਾਈਕੋਮੋਟਰ ਡੋਮੇਨ ਵਿੱਚ ਉਦੇਸ਼ਾਂ ਦਾ ਵਰਗੀਕਰਣ (Taxonomy of Objectives in the Psychomotor domain) :**

ਸਾਈਕੋਮਟਰ ਡੋਮੇਨ ਵਿੱਚ ਉਦੇਸ਼ਾਂ ਦਾ ਵਰਗੀਕਰਣ ਸਭ ਤੋਂ ਪਹਿਲਾਂ ਸਿੰਪਸਨ ਅਤੇ ਹੈਰੋ ਨੇ ਕੀਤਾ। ਇਹਨਾਂ ਉਦੇਸ਼ਾਂ ਦਾ ਵੱਧਦੇ ਕ੍ਰਮ ਵਿੱਚ ਵਰਗੀਕਰਣ ਨਿਮਨ ਅਨੁਸਾਰ ਹੈ :-

1. **ਪਰਾਵਰਤਿਤ ਜਾਂ ਅੰਤਰਮੁੱਖੀ ਗਤੀਆਂ (Reflex Movements) :** ਵਾਤਾਵਰਣ ਵਿੱਚ ਵੱਖ-ਵੱਖ ਉਤੇਜਕਾਂ ਪ੍ਰਤੀ ਅਣ-ਇਛਿੱਤ ਮੋਟਰ ਪ੍ਰਕਿਰਿਆ।
2. **ਮੁੱਢਲੀਆਂ ਬੁਨਿਆਦੀ ਗਤੀ (Basic Fundamental Movements) :** ਇੱਕ ਬੱਚੇ ਦੁਆਰਾ ਦਰਸਾਈ ਗਈ ਸਾਧਾਰਨ ਅੰਤਰਮੁੱਖੀ ਗਤੀ ਜਿਵੇਂ ਕਿ ਰੁੜ੍ਹਨਾ, ਗਿਰਨਾ, ਚੱਲਣਾ, ਕੁੱਦਣਾ, ਹੱਥ ਹਿਲਾਣਾ ਜਾਂ ਗਰਦਨ ਹਿਲਾਣਾ ਆਦਿ ਮੁੱਢਲੀਆਂ ਬੁਨਿਆਦੀ ਗਤੀਆਂ ਹਨ।
3. **ਅਨੁਭਵੀ ਯੋਗਤਾਵਾਂ (Perceptual Abilities) :** ਅਨੁਭਵ ਦੀ ਧਾਰਨਾ ਨਾਲ ਸੰਬੰਧਿਤ ਮੋਟਰ ਯੋਗਤਾਵਾਂ ਦਾ ਵਿਕਾਸ ਇਸ ਉਦੇਸ਼ ਅਧੀਨ ਆਉਂਦਾ ਹੈ।
4. **ਸਰੀਰਕ ਯੋਗਤਾ (Physical Abilities) :** ਉਦੇਸ਼ਾਂ ਦੀ ਇਹ ਸ਼੍ਰੇਣੀ ਸਿਖਿਆਰਥੀ ਵਿੱਚ ਵੱਖ-ਵੱਖ ਸਰੀਰਕ ਯੋਗਤਾਵਾਂ ਜਿਵੇਂ ਕਿ ਮੋਸਮ ਦੇ ਖਿਲਾਫ਼ ਖੜ੍ਹੇ ਰਹਿਣ ਲਈ ਸਹਿਨਸ਼ੀਲਤਾ, ਸਰੀਰਕ ਮਿਹਨਤ ਕਰਨਾ, ਭਾਰੀ ਬੋਝ ਚੁੱਕਣਾ ਆਦਿ ਸ਼ਾਮਲ ਹਨ।
5. **ਕੌਸ਼ਲ ਗਤੀਆਂ (Skilled Movements) :** ਕੋਸ਼ਲ ਗਤੀਆਂ ਉਹ ਸਰੀਰਕ ਗੁੰਝਲਦਾਰ ਗਤੀਆਂ ਹਨ ਜੋ ਕਿ ਹੁਨਰ-ਮੰਦ ਕੰਮ ਕਰਨ ਵਿੱਚ ਮੱਦਦ ਕਰਦੇ ਹਨ।
6. **ਗੈਰ-ਤਿਸਕਰਸਿਵ ਸੰਚਾਰ (Non-discussive movements) :** ਇਹ ਸੰਚਾਰ ਮੁਦਰਾ ਜਾਂ ਚਿਹਰੇ ਦੇ ਪ੍ਰਭਾਵ ਤੋਂ ਲੈ ਕੇ ਕਲਾਸੀਕਲ ਡਾਂਸ, ਪੇਂਟਿੰਗ ਜਾਂ ਅਦਾਕਾਰੀ ਵਰਗੇ ਗੁੰਝਲਦਾਰ ਵਰਤਾਉ ਵਰਗਾ ਹੁੰਦਾ ਹੈ।

**1.4.3.3 ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣਾ :**

ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣਾ ਇਸ ਲਈ ਜਰੂਰੀ ਹੈ ਕਿਉਂਕਿ ਵਿਵਹਾਰਿਕ ਰੂਪ ਵਿੱਚ ਲਿਖੇ ਉਦੇਸ਼ ਅਧਿਆਪਨ ਕਿਰਿਆਵਾਂ ਨੂੰ ਦਰਸਾਉਂਦੇ ਹਨ।

**1.4.3.3 (ੳ) ਉਦੇਸ਼ਾਂ ਵਿਵਹਾਰਿਕ ਰੂਪ ਵਿੱਚ ਲਿਖਣ ਦੀ ਲੋੜ :**

ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣਾ ਜਰੂਰੀ ਹੈ :

- ਅਧਿਆਪਨ ਕਿਰਿਆਵਾਂ ਦਾ ਪਤਾ ਲਾਉਣ ਅਤੇ ਸੀਮਾ ਨਿਸ਼ਚਿਤ ਕਰਨ ਲਈ
- ਪ੍ਰਭਾਵਸ਼ਾਲੀ ਸਿੱਖਣ ਲਈ ਸਿੱਖਣ ਅਧਿਆਪਨ ਕਿਰਿਆਵਾਂ ਨੂੰ ਏਕੀਕ੍ਰਿਤ ਕਰਨ ਲਈ
- ਅਧਿਆਪਨ ਲਈ ਉਚਿਤ ਅਧਿਆਪਨ-ਰਣਨੀਤੀਆਂ ਦੀ ਚੋਣ ਲਈ।

– ਮੁਲਾਂਕਣ ਨੂੰ ਉਦੇਸ਼ ਕੇਂਦਰਿਤ ਬਣਾਉਣ ਲਈ।

**1.4.3.3 (ਅ) ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿੱਖਣ ਦੇ ਢੰਗ :**

ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਲਈ ਨਿਮਨ ਵੱਖ-ਵੱਖ ਪਹੁੰਚਾ ਹਨ :

1. ਰੋਬਰਟ ਮੀਗਰ ਪਹੁੰਚ
2. ਰੋਬਰਟ ਮਿੱਲਰ ਪਹੁੰਚ
3. ਆਰ.ਸੀ.ਈ. ਐੱਮ ਪਹੁੰਚ

**1. ਰੋਬਰਟ ਮੀਗਰ ਪਹੁੰਚ :** ਰੋਬਰਟ ਮੀਗਰ (1962) ਅਨੁਸਾਰ, ਨਿਰਦੇਸ਼ਨ ਉਦੇਸ਼ ਨੂੰ ਲਿਖਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਇਹਨਾਂ ਨੂੰ ਵਿਦਿਆਰਥੀ ਤੋਂ ਉਮੀਦ ਕੀਤੇ ਜਾ ਸਕਦੇ ਟਰਮੀਨਲ ਵਿਵਹਾਰ ਦੇ ਰੂਪ ਵਿੱਚ ਲਿਖਿਆ ਜਾਵੇ। ਮੀਗਰ ਨੇ ਬਲੂਮ ਦੁਆਰਾ ਦਿੱਤੇ ਗਏ ਉਦੇਸ਼ਾਂ ਦੇ ਵਰਗੀਕਰਣ ਢੰਗ ਨੂੰ, ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਲਈ, ਆਧਾਰ ਮੰਨਿਆ ਹੈ। ਇਸ ਲਈ ਉਸਨੇ ਸੰਬੰਧਿਤ ਕਿਰਿਆ-ਸ਼ਬਦਾਂ ਨੂੰ ਵਰਤਿਆ ਹੈ ਜੋ ਕਿ ਸਿੱਖਣ-ਨਤੀਜਿਆਂ (learning outcomes) ਜਾਂ ਸਿਖਿਆਰਥੀ ਦੇ ਵਿਵਹਾਰ ਨੂੰ ਸਹੀ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ। ਗਿਆਨਤਮਕ ਡੋਮੇਲ ਨਾਲ ਸੰਬੰਧਿਤ ਕਿਰਿਆ ਸ਼ਬਦਾਂ ਦੀ ਸਾਰਣੀ (ੳ) ਅਤੇ ਪ੍ਰਭਾਵਤਮਕ ਡੋਮੇਨ ਨਾਲ ਕਿਰਿਆ-ਸ਼ਬਦਾਂ ਦੀ ਸਾਰਣੀ (ਅ) ਹੇਠ ਲਿਖੀ ਹੈ :-

ਸਾਰਣੀ (ੳ) ਗਿਆਨਤਮਕ ਡੋਮੇਨ ਨਾਲ ਸੰਬੰਧਿਤ ਕਿਰਿਆ-ਸ਼ਬਦ

| **ਉਦੇਸ਼ (ਬਲੂਮ ਵਰਗੀਕਰਣ ਤੇ ਆਧਾਰਿਤ)** | **ਸੰਬੰਧਿਤ ਕਿਰਿਆ ਸ਼ਬਦ** |
|---|---|
| ਗਿਆਨ | ਪਰਿਭਾਸ਼ਿਤ ਕਰਨਾ, ਸੂਚੀ ਬਣਾਨਾ, ਚਿੰਨ੍ਹਿਤ ਕਰਨਾ, ਨਾਪਣਾ, ਨਾਮਕਰਣ ਕਰਨਾ, ਮੁੜ-ਯਾਦ ਕਰਨਾ, ਪਹਿਚਾਣ ਕਰਨਾ, ਮੁੜ ਬਣਾਨਾ, ਚੁਨਣਾ, ਲਿਖਣਾ, ਰੇਖਾਂਕਿਤ ਕਰਨਾ ਆਦਿ |
| ਸਮਝ | ਬਦਲਣਾ, ਵਰਗੀਕਰਣ ਅੰਤਰ-ਕਰਨਾ, ਵਿਆਖਿਆ ਕਰਨਾ, ਨਿਰਮਿਤ ਕਰਨਾ, ਪਛਾਣ ਕਰਨਾ, ਉਦਾਹਰਣ ਦੇਣਾ, ਨਾਮ ਦੇਣਾ, ਨੁਮਾਇੰਦਗੀ ਕਰਨਾ, ਮਿਸਾਲ ਦੇਣਾ, ਬਦਲਣਾ, ਅਨੁਵਾਦ ਕਰਨਾ ਆਦਿ। |
| ਐਪਲੀਕੇਸ਼ਨ (ਲਾਗੂ ਕਰਨਾ) | ਪਹੁੰਚ, ਬਦਲਾਅ, ਚੁਣਨਾ, ਵਿਵਹਾਰ ਕਰਨਾ, ਰਚਨਾ ਕਰਨਾ, ਕੰਪਿਊਟ ਕਰਨਾ, ਪ੍ਰਦਰਸ਼ਨ, ਖੋਜ ਵਿਆਖਿਆ, ਸਥਾਪਨਾ, ਲੱਭਣਾ, ਉਸਾਰਨਾ, ਬਦਲਣਾ, ਅੰਦਾਜ਼ਾ ਲਾਉਣਾ, ਹੱਲ ਕੱਢਣਾ, ਵਰਤਣਾ ਆਦਿ |
| ਵਿਸ਼ਲੇਸ਼ਣ | ਵਿਸ਼ਲੇਸ਼ਣ, ਜੋੜਨਾ, ਤੁਲਨਾ, ਪਹਿਚਾਣ, ਨਿਆਂ, ਇਸ਼ਾਰਾ, ਚੋਣ, ਅੰਤਰ, ਬਹਿਸ, ਨਿੰਦਾ, ਜੋੜਨਾ, ਪ੍ਰਾਪਤ ਕਰਨਾ, ਚਰਚਾ ਕਰਨਾ, ਵੱਖ ਕਰਨਾ, ਸਾਧਾਰਣੀਕਰਣ ਆਦਿ |
| ਮੁਲਾਂਕਣ | ਜੋੜ, ਚੁਣਨਾ, ਤੁਲਨਾ, ਆਲੋਚਨਾ, ਸਿੱਟਾ, ਨਤੀਜਾ, ਪਤਾ ਲਗਾਉਣਾ, ਪੜਤਾਲ, ਮੁਲਾਂਕਣ, ਪਹਿਚਾਣ, ਸੰਬੰਧ-ਸਥਾਪਨਾ, ਚੁਣਨਾ, ਸਾਰ, ਬਚਾਅ ਕਰਨਾ, ਪ੍ਰਮਾਣਿਤ ਕਰਨਾ ਆਦਿ। |

ਸਾਰਣ (B) ਪ੍ਰਭਾਵਤਮਕ ਡੋਮੇਨ ਨਾਲ ਸੰਬੰਧਿਤ ਕਿਰਿਆ ਸ਼ਬਦਫ਼

| ਉਦੇਸ਼ (ਬਲੂਮ ਵਰਗੀਕਰਣ ਤੇ ਆਧਾਰਿਤ) | ਸੰਬੰਧਿਤ ਕਿਰਿਆ ਸ਼ਬਦ |
|---|---|
| ਪ੍ਰਾਪਤੀ (Receiving) | ਪੁੱਛਣਾ, ਮੰਨਣਾ, ਹਾਜ਼ਰ, ਸਾਵਧਾਨ, ਪਕੜਨਾ, ਖੋਜਣਾ, ਪ੍ਰੀਖਣ ਕਰਨਾ, ਪਹਿਚਾਣ, ਪੱਖ ਲੈਣਾ, ਨਿਗਰਾਨੀ, ਤਰਜ਼ੀਹ ਦੇਣਾ, ਸਮਝਣਾ, ਚੁਣਨਾ ਆਦਿ |
| ਪ੍ਰਤਿਵਾਦ (Responding) | ਜਵਾਬ ਦੇਣਾ, ਮਦਦ ਕਰਨਾ, ਪੂਰਾ ਕਰਨਾ, ਉਸਾਰਨਾ, ਵਿਚਾਰ-ਵਟਾਂਦਰਾ ਕਰਨਾ, ਵਿਕਸਿਤ ਕਰਨਾ, ਸੂਚੀ-ਬੱਧ ਕਰਨਾ, ਲੇਬਲ ਕਰਨਾ, ਨਾਮ ਦੇਣਾ, ਹੁਕਮ-ਪਾਲਣਾ, ਹਾਜ਼ਰ ਹੋਣਾ, ਪ੍ਰੈਕਟਿਸ, ਰਿਕਾਰਡ, ਚੁਣਨਾ, ਸਟੇਜ, ਲਿਖਣਾ ਆਦਿ |
| ਮੁੱਲ ਪਾਉਣਾ (Valuing) | ਮੰਨਣਾ, ਪਾਉਣਾ, ਪੂਰਾ ਕਰਨਾ, ਚੁਣਨਾ, ਫੈਸਲਾ ਕਰਨਾ, ਪ੍ਰਦਰਸ਼ਨ ਕਰਨਾ, ਅੰਤਰ ਕਰਨਾ, ਵਿਕਸਿਤ ਕਰਨਾ, ਵਧਾਉਣਾ, ਚਿੰਨ੍ਹਿਤ ਕਰਨਾ, ਪ੍ਰਭਾਵ ਪਾਉਣਾ, ਭਾਗ ਲੈਣਾ, ਤਰਜੀਹ ਦੇਣਾ, ਪਹਿਚਾਣਨਾ ਆਦਿ |
| ਪ੍ਰਬੰਧ ਕਰਨਾ (Organging) | ਜੋੜਨਾ, ਬਦਲਣਾ, ਤੁਲਨਾ ਕਰਨਾ, ਪੂਰਾ ਕਰਨਾ, ਤਾਲ-ਮੇਲ, ਸੰਬੰਧ-ਸਥਾਪਨਾ, ਨਿਸ਼ਚਿਤ ਕਰਨਾ, ਲੱਭਣਾ, ਆਕਾਰ ਦੇਣਾ, ਸਾਧਾਰਣੀਕਰਣ, ਏਕੀਕ੍ਰਿਤ ਕਰਨਾ, ਫੈਸਲਾ ਕਰਨਾ, ਯੋਜਨਾ ਬਣਾਉਣਾ, ਤਿਆਰ ਕਰਨਾ, ਸੰਬੰਧਿਤ ਕਰਨਾ, ਚੁਣਨਾ, ਸ਼ੰਸਲੇਸ਼ਣ, ਪ੍ਰਬੰਧਨ ਆਦਿ। |
| ਚਰਿੱਤਰ ਬਣਾਉਣਾਂ (Characterigation) | ਪ੍ਰਦਰਸ਼ਨ, ਵਿਕਸਿਤ ਕਰਨਾ, ਪ੍ਰੀਖਣ ਕਰਨਾ, ਸਾਹਮਣਾ ਕਰਨਾ, ਪਹਿਚਾਣ ਕਰਨਾ, ਫ਼ੈਸਲਾ ਕਰਨਾ, ਸਿੱਧ ਕਰਨਾ, ਦੁਹਰਾਈ ਕਰਨਾ, ਸੇਵਾ ਕਰਨਾ, ਹੱਲ ਕਰਨਾ, ਪ੍ਰਮਾਣਿਤ ਕਰਨਾ ਆਦਿ। |

ਮੀਗਰ ਦੀ ਪਹੁੰਚ ਅਨੁਸਾਰ ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਹੇਠ ਲਿਖੇ ਉਦਾਹਰਨ ਤੋਂ ਸਪਸ਼ੱਟ ਕੀਤਾ ਜਾ ਸਕਦਾ ਹੈ :-

**ਗਿਆਨ ਉਦੇਸ਼ :** ਵਿਦਿਆਰਥੀ ਪਾਠ ਵਿੱਚ ਦੱਸੇ ਮੁੱਢਲੇ ਅਧਿਕਾਰਾਂ (ਹਾਲਤ) ਵਿੱਚੋਂ ਘੱਟੋ-ਘੱਟ ਪੰਜ ਮੁੱਢਲੇ ਅਧਿਕਾਰਾਂ ਦੇ ਨਾਂ (ਪੇਸ਼ਕਾਰੀ) ਦੱਸਣਗੇ ਜਾਂ ਦੱਸ ਸਕਣਗੇ (ਵਿਵਹਾਰ)।

**ਕੁਸ਼ਲਤਾ-ਉਦੇਸ਼ :** ਇੱਕ ਪੈਨਸਿਲ, ਰੰਗਦਾਰ ਪੈਨਸਿਲ ਅਤੇ ਹਰਿਆਣਾ ਦਾ ਰੇਖਾਂਕਿਤ ਨਕਸ਼ੇ ਤੇ (ਹਾਲਤ), ਹਰ ਵਿਦਿਆਰਥੀ ਰਾਜ ਦੇ ਸਾਰੇ ਜਿਲ੍ਹਿਆ (ਪੇਸ਼ਕਾਰੀ) ਨੂੰ ਚਿੰਨ੍ਹਿਤ ਕਰਣਗੇ (ਵਿਵਹਾਰ)।

**ਪ੍ਰਭਾਵਾਤਮਕ ਉਦੇਸ਼ :** ਇੱਕ ਆਦਰਸ਼ ਪਿੰਡ ਦੇ ਦੌਰੇ ਦੌਰਾਨ, ਪਿੰਡ ਦੇ ਪ੍ਰਦੂਸ਼ਣ-ਮੁਕਤ ਵਾਤਾਵਰਣ ਤੋਂ ਸਿੱਖੇ (ਹਾਲਤ) ਕੋਈ ਦੋ ਲਾਭ (ਪੇਸ਼ਕਾਰੀ) ਨੂੰ ਬਿਆਨ ਕਰ ਸਕਣਗੇ (ਵਿਵਹਾਰ)।

ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਲਈ ਢੁਕਵੀਂ ਸੰਬੰਧਿਤ ਕਿਰਿਆ-ਸ਼ਬਦ ਨੂੰ ਚੁਣ ਕੇ ਵਿਸ਼ਾ-ਵਸਤੂ ਨਾਲ ਮਿਲਾ ਕੇ ਲਿਖਿਆ ਜਾਂਦਾ ਹੈ।

## 2. ਮਿੱਲਰ ਦੀ ਪਹੁੰਚ :

ਰਾਬਰਟ ਮਿੱਲਰ ਨੇ ਮੀਗਰ ਦੀ ਪਹੁੰਚ ਦੁਆਰਾ ਅਣਡਿੱਠੇ ਕੀਤੇ ਸਾਈਕੋਮੋਟਰ ਉਦੇਸ਼ ਨੂੰ ਲਿਖਣ ਦੀ ਲੋੜ ਨੂੰ ਪੂਰਾ ਕਰਨ ਲਈ, ਕੌਸ਼ਲ-ਵਿਸ਼ਲੇਸ਼ਣ ਤੇ ਆਧਾਰਿਤ ਆਪਣੀ ਸਕੀਮ ਦਿੱਤੀ। ਮੀਗਰ ਦੀ ਤਰਾਂ ਹੀ ਉਸਨੇ ਸਾਈਕੋਮੋਟਰ ਉਦੇਸ਼ਾਂ ਲਈ ਸੰਬੰਧਿਤ ਕਿਰਿਆ ਸ਼ਬਦਾਂ ਦੀ ਸੂਚੀ ਦਿੱਤੀ। ਇਹ ਸੂਚੀ ਹੈਰੋ ਦੁਆਰਾ ਦਿੱਤੇ ਉਦੇਸ਼ਾਂ ਦੇ ਵਰਗੀਕਰਣ (taxonomy) ਤੇ ਆਧਾਰਿਤ ਹੈ ਜੋ ਨਿਮਨ ਪ੍ਰਕਾਰ ਦੇ (ਸਾਰਣੀ (ੲ) ਵੇਖੋ) :-

ਸਾਰਣੀ (ੲ) : ਸਾਈਕੋਮੋਟਰ ਉਦੇਸ਼ਾ ਲਈ ਸੰਬੰਧਿਤ ਕਿਰਿਆਂ ਸ਼ਬਦਾਂ ਦੀ ਸੂਚੀ

| **ਉਦੇਸ਼** | **ਸੰਬੰਧਿਤ ਕਿਰਿਆ ਸ਼ਬਦ** |
|---|---|
| ਅੰਤਰਮੁੱਖੀ ਗਤੀਆਂ (Reflex movements) | ਕੱਟਣਾ, ਸਖਤ ਹੋਣਾ, ਝਟਕਾ ਦੇਣਾ, ਢਿੱਲ ਦੇਣੀ, ਰੋਕਣਾ, ਸਿੱਧਾ ਹੋਣਾ, ਖਿਚਾਅ ਆਦਿ |
| ਮੁੱਢਲੀ ਬੁਨਿਆਦੀ ਗਤੀ (Basic fundamental movements) | ਗਿਰਨਾ, ਪਕੜਨਾ, ਰੇਂਗਣਾ, ਪੀਣਾਂ, ਪਕੜ ਕੇ ਰੱਖਣਾ, ਕੁੱਟਣਾ, ਗੋਡਿਆਂ ਭਾਰ ਬੈਠਣਾ, ਹਿੱਲਣਾਂ, ਪਹੁੰਚਣਾ, ਦੋੜਨਾ, ਤੁਰਨਾ ਆਦਿ |
| ਸਰੀਰਕ ਯੋਗਤਾਵਾਂ (Physical abilities) | ਸ਼ੁਰੂ ਕਰਨਾ, ਸ਼ਹਿਨ ਕਰਨਾ, ਝੁੱਕਣਾ, ਵਿਵਹਾਰ, ਵੱਧਣਾ, ਸਹਾਰਾ ਲੈਣਾ, ਬਦਲਣਾ, ਚਕਨਾਚੂਰ ਕਰਨਾ, ਸ਼ੁਰੂ ਕਰਨਾ, ਰੁਕਣਾ ਆਦਿ |
| ਅਨੁਭਵੀ ਯੋਗਤਾਵਾਂ (Perceptual abilities) | ਸੰਤੁਲਨ, ਝੁਕਣਾ, ਪੜ੍ਹਨਾ, ਖੋਜਣਾ, ਖਾਣਾ, ਲੱਭਣਾ, ਖਵਾਉਣਾ, ਛੂਹ ਕੇ, ਵੇਖ ਕੇ, ਸੁੰਘ ਦੇ, ਜਾਂ ਸੁਣ ਕੇ ਲੱਭਣਾ, ਯਾਦਦਾਸ਼ਤ ਰੱਖਣਾ, ਸੁੰਘਣਾ, ਸੁੱਟਣਾ, ਲਿਖਣਾ ਆਦਿ |
| ਕੋਸ਼ਲ ਗਤੀਆਂ (Skilled movements) | ਨਾਚ, ਖੋਦਣਾ, ਚੁੱਭੀ ਮਾਰਨਾ, ਬੁਣਨਾ, ਸੰਗੀਤ ਵਾਦਨ, ਨਿਸ਼ਾਨੇਬਾਜ਼ੀ, ਤੈਰਨਾ, ਸਰਕਣਾ ਆਦਿ। |
| ਗੈਰ-ਡਿਸਕਰਸਿਕ ਸੰਚਾਰ (Non-discussive communication) | ਨਕਲ ਕਰਨੀ, ਮੁਦਰਾ ਬਣਾਉਣਾ, ਬੈਠਣਾ, ਰੂਪ-ਰੇਖਾ ਬਣਾਉਣਾ, ਮੁਸਕਰਾਉਣਾ, ਖੜ੍ਹੇ ਹੋਣਾ, ਛੇੜਨਾ ਆਦਿ। |

**3. ਆਰ.ਸੀ.ਈ.ਐੱਮ ਪਹੁੰਚ :**

ਮੀਗਰ ਅਤੇ ਮਿੱਲਰ ਦੋਵਾਂ ਦੀ ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਦੀ ਪਹੁੰਚ ਤਿੰਨੋਂ ਵਿਵਹਾਰਿਕ ਡੋਮੇਨਾਂ ਵਿੱਚ ਸਾਰੇ ਨਿਰਦੇਸ਼ਨ ਉਦੇਸ਼ਾ ਨੂੰ ਪ੍ਰਗਟ ਨਹੀਂ ਕਰ ਸਕਦੀ ਸੀ। ਇਸ ਲਈ ਆਰ.ਸੀ.ਈ. ਐੱਮ ਪਹੁੰਚ (R.C.E.M. approach) ਨੇ ਇਹ ਕੰਮ ਕੀਤਾ ਜੋ ਰੀਜਨਲ ਕਾਲਜ ਆਫ਼ ਐਜੂਕੇਸ਼ਨ, ਮੈਸੂਰ ਦੁਆਰਾ ਵਿਕਸਿਤ ਕੀਤੀ ਗਈ।

ਇਸ ਪਹੁੰਚ ਨੇ ਨਿਰਦੇਸ਼ਨ ਉਦੇਸ਼ਾ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਲਈ ਕਿਰਿਆ-ਸ਼ਬਦਾਂ ਦੀ ਬਜਾਏ ਮਾਨਸਿਕ ਪ੍ਰਕਿਰਿਆਵਾਂ ਜਾਂ ਮਾਨਸਿਕ ਯੋਗਤਾਵਾਂ ਨੂੰ ਵਰਤਿਆ। ਇਹ ਪਹੁੰਚ ਬਲੂਮ ਵਰਗੀਕਰਣ ਦਾ ਬਦਲਿਆ-ਰੂਪ ਹੈ ਜੋ ਕਿ ਬਲੂਮ ਵਰਗੀਕਰਣ ਦੀਆਂ ਛੇ ਸ਼੍ਰੇਣੀਆਂ ਦੀ ਬਜਾਏ ਚਾਰ ਸ਼੍ਰੇਣੀਆਂ ਨੂੰ ਵਰਤਦੀ ਹੈ। ਨਿਮਨ ਸਾਰਣੀ (ਸ) ਵਿਚ ਉਦੇਸ਼ਾ ਅਤੇ ਉਹਨਾਂ ਨਾਲ ਸੰਬੰਧਤ ਮਾਨਸਿਕ ਪ੍ਰਕਿਰਿਆਵਾਂ ਨੂੰ ਦਰਸਾਇਆ ਗਿਆ ਹੈ :-

ਸਾਰਣੀ (ਸ) ਆਰ.ਸੀ.ਈ. ਐੱਮ ਪਹੁੰਚ ਵਿੱਚ ਉਦੇਸ਼ ਅਤੇ ਮਾਨਸਿਕ ਪ੍ਰਕਿਰਿਆਵਾਂ

| **ਉਦੇਸ਼** | **ਮਾਨਸਿਕ ਪ੍ਰਕਿਰਿਆਵਾਂ ਜਾਂ ਯੋਗਤਾਵਾਂ** |
|---|---|
| 1. ਗਿਆਨ | 1.1 ਪਹਿਚਾਣ |
| | 1.2 ਮੁੜ-ਯਾਦ ਕਰਨਾ |
| 2. ਸਮਝ | 2.1 ਸੰਬੰਧ ਦੇਖਣਾ |
| | 2.2 ਉਦਾਹਰਣ ਦੇਣਾ |
| | 2.3 ਅੰਤਰ-ਸਪਸ਼ੱਟ ਕਰਨਾ |
| | 2.4 ਵਰਗੀਕਰਨ ਕਰਨਾ |
| | 2.5 ਵਿਆਖਿਆ ਕਰਨਾ |
| | 2.6 ਪੜਤਾਲ ਕਰਨਾ |
| | 2.7 ਸਾਧਾਰਣੀਕਰਣ |
| 3. ਐਪਲੀਕੇਸ਼ਲ (ਲਾਗੂ ਕਰਨਾ) | 3.1 ਕਾਰਣ ਦੱਸਣਾ |

3.2 ਪਰਿਕਲਪਨਾ ਤਿਆਰ ਕਰਨਾ
3.3 ਪਰਿਕਲਪਨਾ ਦੀ ਸਥਾਪਨਾ
3.4 ਨਤੀਜਾ ਕੱਢਣਾ
3.5 ਅਨੁਮਾਨ ਲਗਾਉਣਾ

4. ਰਚਨਾਤਮਕਤਾ
4.1 ਵਿਸ਼ਲੇਸ਼ਣ
4.2 ਸ਼ੰਸ਼ਲੇਸ਼ਣ
4.3 ਮੁਲਾਂਕਣ

ਆਰ.ਸੀ.ਈ. ਐੱਮ ਪਹੁੰਚ ਅਨੁਸਾਰ ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਲਈ ਉਦੇਸ਼ ਕਥਨ ਉਦਾਹਰਣ ਦੇ ਤੌਰ ਤੇ ਨਿਮਨ ਹਨ :-

**1. ਗਿਆਨ ਉਦੇਸ਼ :**

1.1 ਵਿਦਿਆਰਥੀ .............. ਦੀ ਪਛਾਣ ਦੇ ਯੋਗ ਹੋ ਜਾਵੇਗਾ।

1.2 ਵਿਦਿਆਰਥੀ ............ ਨੂੰ ਮੁੜ-ਯਾਦ ਕਰ ਸਕੇਗਾ।

ਇਸ ਤਰ੍ਹਾਂ ਬਾਕੀ ਉਦੇਸ਼ਾਂ ਲਈ ਉਦੇਸ਼ ਕਥਨ ਲਿਖੇ ਜਾ ਸਕਦੇ ਹਨ।

**1.4.3.4 ਉਦੇਸ਼ਾਂ ਦਾ ਉਪਯੋਗ :**

1. ਉਦੇਸ਼ ਅਧਿਆਪਕ ਨੂੰ ਨਿਰਦੇਸ਼ਨ/ਹਦਾਇਤਾਂ ਵਿਚ ਆਤਮ-ਵਿਸ਼ਵਾਸ਼ ਪੈਦਾ ਕਰਦੇ ਹਨ। ਇਹ ਅਧਿਆਪਕ ਨੂੰ ਸ਼ੁਰੂ ਵਿੱਚ ਹੀ ਇਹ ਜਾਣਨ ਵਿੱਚ ਮੱਦਦ ਕਰਦੇ ਹਨ ਕਿ ਪਾਠ-ਪੜ੍ਹਾਉਣ ਤੋਂ ਬਾਅਦ ਵਿਦਿਆਰਥੀ ਕੀ ਕਰਨ ਦੇ ਯੋਗ ਹੋਵੇਗਾ।
2. ਇਹ ਵਿਦਿਆਰਥੀ ਦੀ ਕਾਰਗੁਜ਼ਾਰੀ (Performance) ਨਿਰਧਾਰਿਤ ਕਰਨ ਵਿੱਚ ਲਾਭਦਾਇਕ ਹਨ। ਉਦੇਸ਼ਾਂ ਦੇ ਸਪੱਸ਼ਟ ਕਾਰਨ ਟੈਸਟ-ਆਈਟਮਾਂ ਨੂੰ ਬਣਾਉਣ ਅਤੇ ਵਿਦਿਆਰਥੀਆਂ ਦਾ ਜਾਇਜ਼ਾਂ ਲੈਣ ਵਿੱਚ ਸਹਾਇਕ ਹਨ।
3. ਇਹ ਵਿਦਿਆਰਥੀ ਲਈ ਵੀ ਲਾਭਦਾਇਕ ਹਨ। ਉਦੇਸ਼ ਅਧਿਆਪਕਾਂ ਨਾਲੋਂ ਵੱਧ ਵਿਦਿਆਰਥੀਆਂ ਨਾਲ ਜੁੜੇ ਹਨ। ਜੇਕਰ ਵਿਦਿਆਰਥੀ ਨੂੰ ਕਿਸੀ ਇਕਾਈ ਦੀ ਹਦਾਇਤਾਂ ਤੋਂ ਪਹਿਲਾਂ ਪਤਾ ਹੋਵੇ ਕਿ ਉਸਨੇ ਕੀ ਕਰਨਾ ਹੈ ਤਾਂ ਉਹ ਆਪਣੇ ਧਿਆਨ ਅਤੇ ਕੋਸ਼ਿਸ਼ਾਂ ਨੂੰ ਕੇਂਦਰਿਤ ਕਰਦਾ ਹੈ।
4. ਉਦੇਸ਼ਾਂ ਦਾ ਵਰਗੀਕਰਣ ਵੀ ਲਾਭਦਾਇਕ ਹੈ ਕਿਉਂਕਿ ਇਸ ਨਾਲ :
   (ੳ) ਮੁਲਾਂਕਣ ਦੇ ਢੰਗ ਨਿਰਪੱਖ ਬਣਦੇ ਹਨ।
   (ਅ) ਮੁਲਾਂਕਣ, ਵਿਦਿਆਰਥੀ ਦੇ ਵਿਕਾਸ ਦਰ ਦੇ ਭਿੰਨ-ਭਿੰਨ ਪੱਖਾਂ ਦੇ ਅਰਥਪੂਰਨ ਸ਼ੰਸ਼ਲੇਸ਼ਣ ਵਿਚ ਪਹੁੰਚਣ ਲਈ ਮਦਦਗਾਰ ਹੈ।

**ਛੋਟੇ-ਉੱਤਰ ਵਾਲੇ ਪ੍ਰਸ਼ਨ :**

1. ਨਿਰਦੇਸ਼ਨ ਉਦੇਸ਼, ਅਧਿਆਪਨ ਉਦੇਸ਼ ਅਤੇ ਟੀਚਿਆਂ ਤੋਂ ਕਿਵੇਂ ਭਿੰਨ ਹਨ ?
2. ਨਿਰਦੇਸ਼ਨ ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣਾ ਕਿਉਂ ਜਰੂਰੀ ਹੈ ?
3. ਗਿਆਨਤਮਕ ਡੋਮੇਨ ਲਈ ਆਪਣੇ ਪਸੰਦ ਦੇ ਉਪ-ਵਿਸ਼ੇ ਲਈ ਉਦੇਸ਼ ਲਿਖੋ।

**1.4.4 ਵਰਗੀਕਰਣ ਨਾਲ ਰਚਨਾਤਮਕ ਅਤੇ ਲਚਕੀਲੀ ਯੋਜਨਾਬੰਦੀ :**

**1.4.4.1 ਪਾਠ-ਯੋਜਨਾ ਦਾ ਅਰਥ, ਪਰਿਭਾਸ਼ਾ ਅਤੇ ਜਰੂਰਤ :**

**(ੳ) ਅਰਥ :**

ਹਰ ਅਧਿਆਪਕ ਦੁਆਰਾ ਪੜ੍ਹਾਏ ਜਾਣ ਵਾਲੇ ਪਾਠ ਦੀ ਰੂਪ-ਰੇਖਾ ਲਿਖਤੀ ਜਾਂ ਬੋਧਿਕ-ਰੂਪ ਵਿੱਚ ਤਿਆਰ ਕਰਨਾ, ਪਾਠ-ਯੋਜਨਾ ਅਖਵਾਉਂਦਾ ਹੈ।

**(ਅ) ਪਰਿਭਾਸ਼ਾ :**

ਐੱਨ.ਐਲ. ਬੋਸਿੰਗ (N.L. Bossing) ਅਨੁਸਾਰ, ''ਪਾਠ-ਯੋਜਨਾ ਪ੍ਰਾਪਤੀ ਦੇ ਕਥਨ ਅਤੇ ਉਹਨਾਂ ਸਾਧਨਾਂ ਨੂੰ

ਦਿੱਤਾ ਜਾਣ ਵਾਲਾ ਸ਼ੀਰਸ਼ਕ (title) ਦਾ ਕਥਨ ਹੈ ਜੋ ਪੜ੍ਹਾਉਣ ਸਮੇਂ ਦੌਰਾਨ ਹੋਈਆਂ ਗਤੀਵਿਧੀਆਂ ਦਾ ਨਤੀਜਾ ਹਨ।''

ਬਿਨਿੰਗ ਅਤੇ ਬਿੰਨਿੰਗ (Binning and Binning) ਅਨੁਸਾਰ, ''ਰੋਜ਼ਾਨਾ ਪਾਠ-ਯੋਜਨਾ ਵਿੱਚ ਉਦੇਸ਼ਾਂ ਨੂੰ ਪਰਿਭਾਸ਼ਿਤ ਕਰਨਾ, ਵਿਸ਼ਾ ਵਸਤੂ ਨੂੰ ਚੁਣਨਾ ਅਤੇ ਪ੍ਰਬੰਧ ਕਰਨਾ ਅਤੇ ਢੰਗ ਅਤੇ ਵਿਧੀ ਨੂੰ ਨਿਰਧਾਰਿਤ ਕਰਨਾ ਸ਼ਾਮਿਲ ਹੈ।

**ਪਾਠ-ਯੋਜਨਾ ਦੀ ਲੋੜ ਅਤੇ ਮਹੱਤਤਾ :**

1. ਪਾਠ-ਯੋਜਨਾ ਵਿਦਿਆਰਥੀ-ਅਧਿਆਪਕਾਂ ਨੂੰ ਉਹਨਾਂ ਦੇ ਟੀਚਿੰਗ ਪ੍ਰੈਕਟਿਸ ਦੌਰਾਨ ਸੇਧ ਪ੍ਰਦਾਨ ਕਰਦੀ ਹੈ।
2. ਇਹ ਸਿੱਖਿਆ ਉਦੇਸ਼ਾ ਅਤੇ ਵਿਸ਼ਾ-ਵਸਤੂ ਦੇ ਢਾਂਚੇ ਦੀ ਜਾਗਰੂਕਤਾ ਪੈਦਾ ਕਰਦੀ ਹੈ ਜਿਸ ਨਾਲ ਇੱਕ ਅਧਿਆਪਕ ਨੂੰ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਸਹਾਇਤਾ ਮਿਲਦੀ ਹੈ।

**1.4.4.2 ਵਰਗੀਕਰਨ ਪਹੁੰਚਾਂ ਨੂੰ ਵਰਤਦੇ ਹੋਏ ਪਾਠ-ਯੋਜਨਾ ਬਣਾਉਣਾ :**

ਪਾਠ-ਯੋਜਨਾ ਨੂੰ ਤਿਆਰ ਕਰਨ ਲਈ ਕਈ ਪਹੁੰਚਾ ਨੂੰ ਵਰਤਿਆ ਜਾਂਦਾ ਹੈ ਜਿਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ :-

1. ਹਰਬਰਸ਼ੀਅਨ ਪਹੁੰਚ (Herbertian approach)
2. ਬਲੂਮ ਜਾਂ ਮੁਲਾਂਕਣ ਪਹੁੰਚ (Bloom or Evaluation approach)
3. ਆਰ.ਸੀ.ਈ. ਐੱਮ. ਪਹੁੰਚ (R.C.E.M. approach)

**1. ਹਰਬਰਸ਼ੀਅਨ ਪਹੁੰਚ :**

ਇਹ ਇੱਕ ਪੁਰਾਤਨ ਪਰ ਅੱਜ ਵੀ ਵਰਤੀ ਜਾਣ ਵਾਲੀ ਪਾਠ-ਯੋਜਨਾ ਪਹੁੰਚ ਹੈ ਜੋ ਪ੍ਰੀ-ਸੇਵਾ ਅਧਿਆਪਕਾਂ ਨੂੰ ਟ੍ਰੇਨਿੰਗ ਦੇਣ ਲਈ ਵਰਤੀ ਜਾਂਦੀ ਹੈ। ਹਰਬਰਸ਼ੀਅਨ ਪਹੁੰਚ ਅਨੁਸਾਰ ਪਾਠ-ਯੋਜਨਾ ਦੇ ਨਿਮਨ ਚਰਣ ਹਨ :-

(1) ਤਿਆਰੀ (2) ਪੇਸ਼ਕਾਰੀ (3) ਤੁਲਨਾ ਅਤੇ ਸਾਰ ਕੱਢਣਾ (abstraction) (4) ਸਾਧਾਰਣੀਕਰਣ (Generalisation) (5) ਐਪਲੀਕੇਸ਼ਨ (Application)

ਇਨ੍ਹਾਂ ਚਰਣਾਂ ਅਨੁਸਾਰ ਹਰਬਰਸ਼ੀਅਨ ਪਾਠ-ਯੋਜਨਾ ਦੀ ਰੂਪ-ਰੇਖਾ ਨਿਮਨ ਪ੍ਰਕਾਰ ਹੈ :-

**1. ਵਿਸ਼ਾ, ਉਪ-ਵਿਸ਼ਾ, ਜਮਾਤ ਅਤੇ ਸੈਕਸ਼ਨ, ਸਮਾਂ ਅਤੇ ਤਾਰੀਖ :**

ਅਧਿਆਪਕ ਪੜ੍ਹਾਈ ਜਾਣ ਵਾਲੀ ਜਮਾਤ ਲਈ ਉਸ ਵਿਸ਼ੇ ਵਿੱਚੋਂ ਉਪ-ਵਿਸ਼ਾ ਚੁਣਦਾ ਹੈ।

**2. ਪੜ੍ਹਾਏ ਜਾਣ ਵਾਲੇ ਵਿਸ਼ੇ ਦੇ ਆਮ-ਉਦੇਸ਼ :**

ਅਧਿਆਪਕ, ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਆਮ-ਉਦੇਸ਼ਾਂ ਨੂੰ ਲਿਖਦਾ ਹੈ।

**3. ਉਪ-ਵਿਸ਼ੇ ਨਾਲ ਸੰਬੰਧਿਤ ਖਾਸ-ਉਦੇਸ਼ :**

ਖਾਸ ਉਦੇਸ਼ ਗਿਆਨ, ਕੌਸ਼ਲ ਅਤੇ ਪ੍ਰਸ਼ੰਸ਼ਾ ਹੋ ਸਕਦੇ ਹਨ। ਇਹ ਉਪ-ਵਿਸ਼ੇ ਨੂੰ ਅਤੇ ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਵੰਡੇ ਜਾਂਦੇ ਹਨ ਅਤੇ ਵਿਵਹਾਰਿਕ ਰੂਪ ਵਿੱਚ ਲਿਖੇ ਜਾਂਦੇ ਹਨ।

**4. ਭੂਮਿਕਾ :**

ਅਧਿਆਪਕ ਆਪਣੀ ਸਮਝ ਅਨੁਸਾਰ ਉਪ-ਵਿਸ਼ੇ ਦੀ ਭੂਮਿਕਾ ਦਿੰਦਾ ਹੈ ਜਿਸ ਵਿਚ ਵਿਦਿਆਰਥੀਆਂ ਦੇ ਪੁਰਾਣੇ ਗਿਆਨ ਨੂੰ ਉਹਨਾਂ ਦੇ ਨਵੇਂ ਗਿਆਨ ਨਾਲ ਜੋੜਿਆ ਜਾਂਦਾ ਹੈ।

**5. ਉਦੇਸ਼-ਕਥਨ :**

ਅਧਿਆਪਕ ਭੂਮਿਕਾ ਨਾਲ ਹੀ ਵਿਦਿਆਰਥੀਆਂ ਤੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰਾਂ ਦੇ ਆਧਾਰ ਤੇ ਉਪ-ਵਿਸ਼ੇ ਦਾ ਉਦੇਸ਼ ਕਥਨ ਦਿੰਦਾ ਹੈ।

**6. ਵਿਕਾਸ-ਪ੍ਰਸ਼ਨਾਂ ਨੂੰ ਸ਼ਾਮਲ ਕਰਦੇ ਹੋਏ ਪੇਸ਼ਕਾਰੀ :**

ਤਰਕ-ਸੰਗਤ (logical) ਕ੍ਰਮ ਵਿੱਚ ਵਿਕਾਸਤਮਕ ਪ੍ਰਸ਼ਨਾਂ ਨੂੰ ਸ਼ਾਮਲ ਕਰਦੇ ਹੋਏ ਪੇਸ਼ਕਾਰੀ ਕੀਤੀ ਜਾਂਦੀ ਹੈ।

**7. ਵਿਆਖਿਆ :**

ਜੇਕਰ ਵਿਦਿਆਰਥੀ ਵਿਕਾਸਤਮਕ-ਪ੍ਰਸ਼ਨਾਂ ਦੇ ਉੱਤਰ ਦੇਣ ਵਿੱਚ ਅਸਮਰੱਥ ਹੋਣ ਤਾਂ ਅਧਿਆਪਕ ਨੇ ਵਿਆਖਿਆ

ਕਰਨੀ ਹੁੰਦੀ ਹੈ।

**8. ਚਾਕ-ਬੋਰਡ ਸਾਰ :**

ਚਾਕ-ਬੋਰਡ ਸਾਰ, ਮੁੱਖ ਬਿੰਦੂ ਅਤੇ ਉਹਨਾਂ ਦੀ ਵਿਆਖਿਆ ਲਿਖ ਕੇ ਤਿਆਰ ਕੀਤਾ ਜਾਂਦਾ ਹੈ।

**9. ਦੁਹਰਾਈ-ਪ੍ਰਸ਼ਠ :**

ਵਿਦਿਆਰਥੀ ਸਿੱਖਣ ਦੇ ਮੁਲਾਂਕਣ ਲਈ ਦੁਹਰਾਈ-ਪ੍ਰਸ਼ਨ ਪੁੱਛੇ ਜਾਂਦੇ ਹਨ।

**10. ਘਰ ਦਾ ਕੰਮ ਜਾਂ ਸੌਂਪਣੀ :**

ਅਭਿਆਸ, ਸੰਗਠਨ ਅਤੇ ਵਿਦਿਆਰਥੀ ਦੁਆਰਾ ਅਧਿਐਨ ਲਈ ਘਰ ਦਾ ਕੰਮ ਦਿੱਤਾ ਜਾਂਦਾ ਹੈ।

**ਰਰਬਰਸ਼ੀਅਠ ਪਾਠ-ਯੋਜਠਾ ਦੇ ਲਾਭ :**

- ਇਹ ਤਰਕਸੰਗਤ ਅਤੇ ਮਨੋਵਿਗਿਆਨਕ ਹੈ।
- ਸਕੂਲ ਦੇ ਸਾਰੇ ਵਿਸ਼ਿਆਂ ਤੇ ਲਾਗੂ।
- ਬੁੱਧੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਕ।
- ਸਾਧਾਰਨ ਅਤੇ ਆਸਾਨ ਪਹੁੰਚ।

**ਰਰਬਰਸ਼ੀਅਠ ਪਾਠ-ਯੋਜਠਾ ਦੀਆਂ ਕਮੀਆਂ :**

- ਇਹ ਅਧਿਆਪਕ ਪ੍ਰਮੁੱਖ ਹੈ।
- ਵਿਧੀਵਤ ਅਤੇ ਰਚਨਾਤਮਕਤਾ ਲਈ ਕੋਈ ਮੌਕਾ ਨਹੀਂ।
- ਪ੍ਰਭਾਵਤਮਕ ਅਤੇ ਸਾਈਕੋਮੋਟਰ ਉਦੇਸ਼ ਪ੍ਰਾਪਤ ਕਰਨ ਵਿੱਚ ਸਹਾਇਕ ਨਹੀਂ।
- ਇਸ ਵਿੱਚ ਖਾਸ-ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਨਹੀਂ ਲਿਖਿਆ ਜਾਂਦਾ।

**2. ਬਲੂਮ ਜਾਂ ਮੁਲਾਂਕਣ ਪਾਠ-ਯੋਜਠਾ ਪਹੁੰਚ :**

ਬਲੂਮ ਜਾਂ ਮੁਲਾਂਕਣ ਪਾਠ-ਯੋਜਨਾ ਪਹੁੰਚ ਅਧਿਆਪਨ ਅਤੇ ਟੈਸਟਿੰਗ ਨੂੰ ਉਦੇਸ਼-ਕੇਂਦਰਿਤ ਬਣਾਉਂਦਾ ਹੈ। ਇਹ ਸਿਰਫ਼ ਵਿਦਿਆਰਥੀ ਦੀ ਪ੍ਰਾਪਤੀ (performence) ਦੇ ਨਾਲ ਵਿਦਿਆਰਥੀਆਂ ਦੇ ਵਿਵਹਾਰ ਵਿੱਚ ਕੁੱਝ ਤਬਦੀਲੀ ਨੂੰ ਧਿਆਨ ਵਿੱਚ ਰੱਖਦਾ ਹੈ। ਇਸ ਪਹੁੰਚ ਵਿੱਚ ਤਿੰਨ ਚਰਣ ਹਨ :-

(ੳ) ਸਿੱਖਿਆ ਉਦੇਸ਼ ਬਣਾਉਣਾ।

(ਅ) ਸਿੱਖਣ-ਤਜ਼ਰਬੇ ਬਣਾਉਣਾ।

(ੲ) ਵਿਵਹਾਰ ਵਿੱਚ ਤਬਦੀਲੀ ਲਿਆਉਣਾ।

**(ੳ) ਸਿੱਖਿਆ/ਅਧਿਆਪਠ/ਠਿਰਦੇਸ਼ਠ ਉਦੇਸ਼ ਬਣਾਉਣਾ :**

(ਬਲੂਮ ਵਰਗੀਕਰਨ ਅਨੁਸਾਰ ਨਿਰਦੇਸ਼ਨ ਉਦੇਸ਼ ਬਣਾਉਣ ਲਈ ਸ਼ੈਕਸ਼ਨ 4.3.3. ਵੇਖੋ।)

ਉਦੇਸ਼ਾਂ ਦੀ ਪਹਿਚਾਣ ਕਰਨ ਅਤੇ ਉਹਨਾਂ ਨੂੰ ਲਿਖਣ ਲਈ ਵਿਸ਼ਾ, ਸਮੱਗਰੀ ਦੀ ਸੰਰਚਨਾ, ਵਿਦਿਆਰਥੀਆਂ ਦਾ ਪੱਧਰ ਅਤੇ ਜਰੂਰਤ, ਸਮਾਜਿਕ ਅਤੇ ਆਰਥਿਕ ਸਥਿਤੀਆਂ, ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਅਤੇ ਸੰਸਕ੍ਰਿਤਕ ਜਰੂਰਤਾਂ, ਵਿਦਿਆਰਥੀਆਂ ਦਾ ਦਾਖਲਾ-ਵਿਵਹਾਰ ਅਤੇ ਉਹਨਾਂ ਦੀ ਸਮਝ ਦਾ ਪੱਧਰ ਆਦਿ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

**(ਅ) ਸਿੱਖਣ-ਤਜ਼ਰਬੇ ਬਣਾਉਣਾ :**

ਸਿੱਖਣ ਉਦੇਸ਼ਾਂ ਦੀ ਪ੍ਰਾਪਤੀ ਲਈ ਇਹਨਾਂ ਅਨੁਸਾਰ ਅਧਿਆਪਨ-ਰਣਨੀਤੀਆਂ, ਸਿੱਖਿਆ-ਸਹਾਇਕ ਸਮੱਗਰੀ ਅਤੇ ਢੰਗਾਂ ਦੀ ਚੋਣ ਅਧਿਆਪਨ-ਸਿੱਖਣ ਤਜ਼ਰਬੇ ਬਣਾਉਣ ਲਈ ਕੀਤੀ ਜਾਂਦੀ ਹੈ। ਅਧਿਆਪਨ ਕਿਰਿਆਵਾਂ ਸਿੱਖਣ-ਨਤੀਜਿਆਂ ਨਾਲ ਸੰਬੰਧਤ ਹਨ। ਨਿਮਨਲਿਖਿਤ ਸਾਰਣੀ (ਹ) ਵਿੱਚ ਵੱਖ-ਵੱਖ ਉਦੇਸ਼ ਅਤੇ ਇਹਨਾਂ ਨਾਲ ਸੰਬੰਧਿਤ ਅਧਿਆਪਨ ਤਜ਼ਰਬੇ ਦਿੱਤੇ ਗਏ ਹਨ :-

**ਸਾਰਣੀ (ਗ)**

| ਸਿੱਖਿਆ ਉਦੇਸ਼ | | | ਅਧਿਆਪਨ ਤਜ਼ਰਬੇ |
|---|---|---|---|
| 1. | ਗਿਆਨ-ਉਦੇਸ਼ | – | ਲੈਕਚਰ ਦੇਣਾ, ਦੱਸਣਾ, ਵਿਖਾਉਣਾ, ਪ੍ਰਦਰਸ਼ਨ, ਚਾਰਟ, ਮਾਡਲ, ਪਾਠ-ਪੁਸਤਕ, ਪ੍ਰੋਗਰਾਮ-ਹਦਾਇਤਾਂ, ਘਰ ਦਾ ਕੰਮ ਅਤੇ ਸੌਂਪਣੀ |
| 2. | ਸਮਝ-ਉਦੇਸ਼ | – | ਪ੍ਰਸ਼ਨ-ਉੱਤਰ ਰਣਨੀਤੀ, ਗਰੁੱਪ-ਵਾਰਤਾਲਾਪ, ਰੇਖਾਵਾਂ ਖਿੱਚਣਾ, ਨਕਸ਼ੇ, ਮਾਡਲ ਪਾਠ-ਪੁਸਤਕ, ਘਰ ਦਾ ਕੰਮ ਅਤੇ ਸੌਂਪਣੀ |
| 3. | ਐਪਲੀਕੇਸ਼ਨ ਉਦੇਸ਼ | – | ਪ੍ਰੋਜੈਕਟ-ਵਿਧੀ, ਟਿਊਟੋਰੀਅਲ, ਦਖਲ-ਰਣਨੀਤੀ, ਪਾਠ-ਪੁਸਤਕ, ਘਰ ਦਾ ਕੰਮ ਅਤੇ ਸੌਂਪਣੀ |
| 4. | ਸਿਰਜਣਾਤਮਕ ਉਦੇਸ਼ | – | ਸਮੱਸਿਆ-ਹਲ ਵਿਧੀ, ਵਿਅਕਤੀਗਤ ਪ੍ਰੀਖਣ, ਸੈਮੀਨਾਰ, ਵਰਕਸ਼ਾਪ |

**(ੲ) ਵਿਵਹਾਰ ਵਿੱਚ ਤਬਦੀਲੀ :**

ਸਿੱਖਣ ਤਜ਼ਰਬੇ ਦਾ ਮੁਲਾਂਕਣ ਕਰਨ ਲਈ ਵਿਵਹਾਰ ਵਿਚ (ਗਿਆਨਤਮਕ, ਪ੍ਰਭਾਵਤਮਕ ਅਤੇ ਸਾਈਕੋਮੋਟਰ) ਵਿੱਚ ਬਦਲਾਅ ਦਾ ਮੁਲਾਂਕਣ ਕੀਤਾ ਜਾਂਦਾ ਹੈ। ਵੱਖ-ਵੱਖ ਉਦੇਸ਼ਾਂ ਨਾਲ ਸੰਬੰਧਿਤ ਮੁਲਾਂਕਣ ਯੰਤਰ ਨਿਮਨ ਹਨ :

**ਸਾਰਣੀ (ਕ)**

| ਸਿੱਖਣ ਉਦੇਸ਼ | | | ਮੁਲਾਂਕਣ ਯੰਤਰ |
|---|---|---|---|
| 1. | ਗਿਆਨਤਮਕ ਉਦੇਸ਼ | – | ਮੌਖਿਕ, ਪ੍ਰੀਖਣ, ਲਿਖਿਤ ਨਿਬੰਧਾਤਮਕ ਅਤੇ ਆਬਜੈਕਟਿਵ ਟੈਸਟ, ਇੰਟਰਵਿਊ |
| 2. | ਪ੍ਰਭਾਵਤਮਕ ਉਦੇਸ਼ | – | ਪ੍ਰੀਖਣ, ਰੁਚੀ-ਇੰਨਵੈਂਟਰੀ, ਰੁਝਾਨ-ਸਕੇਲ, ਮੁੱਲ-ਟੈਸਟ, ਨਿਬੰਧਾਤਮਕ ਟੈਸਟ ਅਤੇ ਪਰਸਥਿਤੀ ਟੈਸਟ |
| 3. | ਸਾਈਕੋਮੋਟਰ ਉਦੇਸ਼ | – | ਪ੍ਰੀਖਣ, ਪ੍ਰੈਕਟੀਕਲ ਪ੍ਰੀਖਿਆ, ਵਿਦਿਆਰਥੀ-ਪ੍ਰਦਰਸ਼ਨ, ਇੰਟਰਵਿਊ |

**ਬਲੂਮ ਪਾਠ-ਯੋਜਨਾ ਦਾ ਢਾਂਚਾ :**

ਮਿਤੀ ............ ਜਮਾਤ ...............

ਸਮਾਂ ............ ਵਿਸ਼ਾ ............

ਖਾਸ ਉਦੇਸ਼ ............ ਉਪ-ਵਿਸ਼ਾ ............

ਖਾਸ ਉਦੇਸ਼ ਲਿਖਣ ਲਈ ਸ਼ੈਕਸ਼ਨ 4.3.3.(b) (1), ਰਾਬਰਟ ਬਲੂਮ ਅਤੇ ਮੀਗਰ ਪਹੁੰਚ ਨੂੰ ਪ੍ਰਸਤੁਤੀਕਰਣ :- (ਸਿੱਖਣ ਤਜ਼ਰਬੇ)

| ਅਧਿਆਪਕ ਕਿਰਿਆਵਾਂ | ਵਿਦਿਆਰਥੀ ਕਿਰਿਆਪਠ | ਅਧਿਆਪਨ ਵਿਧੀਆਂ ਅਤੇ ਸਹਾਇਕ ਸਮੱਗਰੀ | ਉਦੇਸ਼ |
|---|---|---|---|
| ਇਸ ਵਿੱਚ ਅਧਿਆਪਕ ਕਿਰਿਆਵਾਂ ਜਿਵੇਂ ਪ੍ਰਸ਼ਨ ਪੁੱਛਣਾ, ਵਿਆਖਿਆ ਕਰਨੀ, ਕਥਨ ਦੇਣਾ ਆਦਿ ਆਉਂਦੇ ਹਨ। | ਵਿਦਿਆਰਥੀ ਕਿਰਿਆਵਾਂ ਵਿੱਚ ਵਿਦਿਆਰਥੀਆਂ ਦੀਆਂ ਪ੍ਰਤੀ-ਕਿਰਿਆਵਾਂ ਅਤੇ ਉਹਨਾਂ ਦੁਆਰਾ ਪ੍ਰਸਤੁਤ ਕਿਰਿਆਵਾਂ ਆਉਂਦੀਆਂ ਹਨ। | ਇਸ ਵਿੱਚ ਅਧਿਆਪਨ ਸਹਾਇਕ ਸਮੱਗਰੀ ਅਤੇ ਵਿਧੀਆਂ (ਪ੍ਰਸ਼ਨ ਪੁੱਛਣਾ, ਲੈਕਚਰ, ਪ੍ਰਸਤੁਤੀਕਰਣ) ਜੋ ਕਿ ਅਧਿਆਪਕ ਦੁਆਰਾ ਹੁੰਦਾ ਹੈ। | ਇਸ ਵਿੱਚ ਉਦੇਸ਼ ਜਿਵੇਂ ਗਿਆਨ, ਸਮਝ ਅਤੇ ਕੌਸ਼ਲ ਆਉਂਦੇ ਹਨ |

**ਮੁਲਾਂਕਣ ਪ੍ਰਸ਼ਨ :** ਇਸ ਵਿੱਚ ਵਿਦਿਆਰਥੀਆਂ ਦੇ ਸਿੱਖਣ ਨਤੀਜਿਆਂ ਦੇ ਮੁਲਾਂਕਣ ਲਈ ਪੁੱਛੇ ਗਏ ਪ੍ਰਸ਼ਨ ਆਉਂਦੇ ਹਨ।

**ਘਰ ਦਾ ਕੰਮ :** ਪੜ੍ਹਾਏ ਗਏ ਉਪ-ਵਿਸ਼ੇ ਤੇ ਆਧਾਰਿਤ ਜਾਂ ਉਸ ਨਾਲ ਸੰਬੰਧਤ ਸੌਂਪਣੀ ਦਿੱਤੀ ਜਾਂਦੀ ਹੈ।

**ਬਲੂਮ ਪਾਠ-ਯੋਜਨਾ ਦੇ ਲਾਭ :**

- ਉਦੇਸ਼ ਪੂਰਣ ਅਤੇ ਉਦੇਸ਼-ਨਿਰਧਾਰਨ ਸਿਖਾਉਂਦੀ ਹੈ।
- ਮਨੋਵਿਗਿਆਨਕ ਅਤੇ ਵਿਗਿਆਨਕ ਹੈ।
- ਪਾਠ ਸਮੱਗਰੀ ਦਾ ਵਿਸ਼ਲੇਸ਼ਣ ਅਤੇ ਉਹਨਾਂ ਦਾ ਵਿਵਹਾਰਿਕ ਰੂਪ
- ਉਦੇਸ਼ਾਂ ਨਾਲ ਸੰਬੰਧਿਤ ਪ੍ਰਕਿਰਿਆਵਾਂ ਦੱਸੀਆਂ ਜਾਂਦੀਆਂ ਹਨ।

**ਬਲੂਮ ਪਹੁੰਚ ਦੀਆਂ ਕਮੀਆਂ :**

- ਬਹੁਤ ਸੰਗਠਿਤ ਤੇ ਮਸ਼ੀਨੀ ਪਹੁੰਚ
- ਅਧਿਆਪਕ ਦੀ ਸਿਰਣਾਤਮਕਤਾ ਅਤੇ ਮੌਲਿਕਤਾ ਲਈ ਕੋਈ ਸਥਾਨ ਨਹੀਂ
- ਅਧਿਆਪਕ ਦੇ ਨਿੱਜੀ ਕਾਰਕਾਂ ਦੇ ਪ੍ਰਭਾਵ ਦਾ ਸਕੋਪ (Scope)

**(C) ਆਰ.ਸੀ.ਈ. ਐੱਮ ਪਾਠ-ਯੋਜਨਾ ਪਹੁੰਚ :**

ਇਹ ਪਹੁੰਚ ਭਾਰਤ ਵਿੱਚ ਸਿਖਿਆਕਾਰਾਂ (educationists) ਦੁਆਰਾ ਮੈਸੂਰ ਰੀਜਨਲ ਕਾਲਜ ਆਫ਼ ਐਜੂਕੇਸ਼ਨ ਵਿਖੇ ਵਿਕਸਿਤ ਕੀਤੀ ਗਈ। ਇਸ ਪਹੁੰਚ ਉਦੇਸ਼ਾਂ ਨੂੰ ਕਾਰਜਾਤਮਕ ਰੂਪ ਵਿੱਚ ਲਿੱਖਣ ਲਈ 17 ਮਾਨਸਿਕ ਪ੍ਰਕਿਰਿਆਵਾਂ ਨੂੰ ਸ਼ਾਮਲ ਕਰਦੀ ਹੈ। ਇਸ ਪਹੁੰਚ ਅਨੁਸਾਰ ਪਾਠ-ਯੋਜਨਾ ਦੇ ਤਿੰਨ ਪੱਖ ਹਨ :-

**(1) ਇਨਪੁੱਟ (Input) :** ਇਸ ਵਿੱਚ ਉਦੇਸ਼ਾਂ ਦੀ ਪਹਿਚਾਣ ਸ਼ਾਮਲ ਹੈ। ਇਸ ਨੂੰ ਉਮੀਦੇ ਵਿਵਹਾਰਿਕ ਨਤੀਜੇ (Expected Behavioural Outcome) ਜਾਂ (EBO) ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। ਇਹਨਾਂ ਉਦੇਸ਼ਾਂ ਨੂੰ ਮੁੱਖ ਤੌਰ ਤੇ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ :- ਗਿਆਨ, ਸਮਝ, ਲਾਗੂ ਕਰਨਾ ਅਤੇ ਰਚਨਾਤਮਕਤਾ। ਇਨਪੁੱਟ ਨੂੰ ਵਿਦਿਆਰਥੀਆਂ ਦਾ ਦਾਖਲਾ-ਵਿਵਹਾਰ ਵੀ ਕਿਹਾ ਜਾਂਦਾ ਹੈ।

**(2) ਪ੍ਰਕਿਰਿਆ (Process) :** ਪ੍ਰਕਿਰਿਆ ਵਿੱਚ ਸਿੱਖਿਆ ਰਣਨੀਤੀਆਂ ਅਤੇ ਢੰਗ ਚੁਣੇ ਜਾਂਦੇ ਹਨ ਜੋ ਉਦੇਸ਼ਾਂ ਦੀ ਪ੍ਰਾਪਤੀ ਲਈ ਹੁੰਦੇ ਹਨ।

**(3) ਆਉਟ-ਪੁੱਟ (Out-Put) :** ਵਿਵਹਾਰ ਵਿੱਚ ਤਬਦੀਲੀ ਨੂੰ ਅਸਲੀ ਸਿੱਖਿਆ ਆਉਟਕਮ (Real Learning Outcome ਜਾਂ RLO) ਦੇ ਨਾਂ ਨਾਲ ਜਾਣਿਆ ਜਾਂਦਾ ਹੈ। RLO ਦੇ ਮੁਲਾਂਕਣ ਲਈ ਵੱਖ-ਵੱਖ ਮਾਪਕ-ਢੰਗਾਂ ਨੂੰ ਲਗਾਇਆ ਜਾਂਦਾ ਹੈ। ਮਾਪਕ-ਯੰਤਰਾਂ ਨੂੰ ਉਮੀਦੇ ਵਿਵਹਾਰਕ ਨਤੀਜਿਆਂ (EBO) ਦੇ ਆਧਾਰ ਤੇ ਬਣਾਇਆ ਜਾਂਦਾ ਹੈ।

ਅੱਗੇ ਦਿੱਤੀ ਗਈ ਸਾਰਣੀ (ਖ) ਵਿੱਚ ਇਸ ਪਹੁੰਚ ਦੇ ਤਿੰਨ ਪੱਖਾਂ (ਇਨਪੁੱਟ, ਪ੍ਰਕਿਰਿਆ ਅਤੇ ਆਉਟਪੁੱਟ ਨੂੰ ਦਰਸਾਇਆ ਗਿਆ ਹੈ :-

**ਸਾਰਣੀ (ਖ)**

| **ਇਨਪੁੱਟ ਰਦਾਇਤਾਂ** | **ਪ੍ਰਕਿਰਿਆ (ਸੰਚਾਰ ਰਾਜਨੀਤੀ ਤੇ ਸਿੱਖਣ ਤਜ਼ਰਬੇ)** | | **ਆਉਟਪੁੱਟ (ਅਸਲੀ ਸਿੱਖਣ** |
|---|---|---|---|
| **ਉਮੀਦੇ ਵਿਵਹਾਰਕ ਨਤੀਜੇ** | **ਅਧਿਆਪਕ- -ਕਿਰਿਆਵਾਂ** | **ਵਿਦਿਆਰਥੀ- -ਕਿਰਿਆਵਾਂ** | **ਨਤੀਜੇ ਤੇ ਮੁਲਾਂਕਣ** |
| ਗਿਆਨ ਉਦੇਸ਼ | ਲੈਕਚਰ, ਪ੍ਰਦਰਸ਼ਨ, ਚਾਰਟ, ਨਕਸ਼ੇ, ਵਿਆਖਿਆ, | ਸੁਣਨਾ, ਨਿਗਰਾਨੀ, ਨੋਟ ਕਰਨਾ | ਸਮਾਲੋਚਨ ਪ੍ਰਸ਼ਨ, ਪਰਿਭਾਸ਼ਿਤ ਕਰਨਾ, ਕਥਨ |
| ਸਮਝ ਉਦੇਸ਼ | ਵਿਚਾਰ-ਵਟਾਂਦਰਾ, ਸਮੱਸਿਆ ਦਾ ਹੱਲ ਲੱਭਣਾ, ਪ੍ਰਸ਼ਨ-ਉੱਤਰ ਵਿਧੀ, ਪ੍ਰਦਰਸ਼ਨ | ਸਮੂਹ ਵਿਚਾਰ ਵਟਾਂਦਰਾ, ਨਿਰੀਖਣ ਕਰਨਾ, ਸ਼ੁਰੂਆਤ ਕਰਨਾ | ਨਤੀਜਾ ਕੱਢਣਾ, ਪ੍ਰੈਕਟੀਕਲ, ਅਨੁਵਾਦ ਕਰਨਾ, ਵਿਆਖਿਆ ਕਰਨਾ, ਅੰਤਰ-ਸਪਸ਼ੱਟ ਕਰਨਾ, ਸਮੱਸਿਆ ਹੱਲ ਕਰਨਾ |

| | | | |
|---|---|---|---|
| ਐਪਲੀਕੇਸ਼ਨ ਉਦੇਸ਼ | ਸਮੂਹ ਵਿਚਾਰ ਵਟਾਂਦਰਾ ਪ੍ਰਯੋਗਸ਼ਾਲਾ ਦਾ ਕੰਮ, ਪ੍ਰਸ਼ਨ-ਉੱਤਰ, ਸਮੱਸਿਆ, ਹੱਲ ਲੱਭਣਾ | ਪ੍ਰੀਖਣ ਕਰਨਾ, ਸਮੱਸਿਆ ਹੱਲ ਲਈ ਗਿਆਨ ਨੂੰ ਵਰਤਣਾ | ਪ੍ਰੈਕਟੀਕਲ ਟੈਸਟ, ਪਰਸਥਿਤੀ ਟੈਸਟ, ਨਿਬੰਧਾਤਮਕ ਟੈਸਟ ਨਿਗਰਾਨੀ |
| ਸਿਰਜਣਾਤਮਕ ਉਦੇਸ਼ | ਵਿਅਕਤੀਗਤ ਕੰਮ, ਸਮੂਹ ਵਿਚਾਰ ਵਟਾਂਦਰਾ, ਸਮੱਸਿਆ ਦਾ ਹੱਲ ਲੱਭਣਾ | ਵਿਸ਼ਲੇਸ਼ਣ, ਸ਼ੰਸ਼ਲੇਸ਼ਣ, ਤੱਤ ਕੱਢਣਾ, ਨਵੇਂ ਸੰਬੰਧ ਸਥਾਪਿਤ ਕਰਨਾ | ਨਿਬੰਧਾਤਮਕ ਟੈਸਟ, ਮੌਖਿਕ ਟੈਸਟ, ਸਮੱਸਿਆ ਹੱਲ, ਪਰਸਥਿਤੀ ਟੈਸਟ, ਨਿਗਰਾਨੀ |

**1.4.4.3 ਲਾਭ :**

ਪਾਠ-ਯੋਜਨਾ ਦੇ ਲਾਭ ਨਿਮਨਲਿਖਿਤ ਹਨ :

- ਲਿਖਿਤ ਪਾਠ ਯੋਜਨਾ ਪ੍ਰੀ-ਸੇਵਾ ਅਧਿਆਪਕਾਂ ਲਈ ਟ੍ਰੇਨਿੰਗ ਦੌਰਾਨ ਇੱਕ ਗਾਈਡ ਦਾ ਕੰਮ ਕਰਦੀ ਹੈ।
- ਅਣਲਿਖਿਤ ਪਾਠ-ਯੋਜਨਾ ਸੇਵਾ-ਕਾਲੀਨ ਅਧਿਆਪਕਾਂ ਲਈ ਪ੍ਰਭਾਵਸ਼ਾਲੀ ਅਧਿਆਪਨ ਵਿੱਚ ਮੱਦਦਗਾਰ ਹੈ।
- ਇਹ ਸਿੱਖਣ-ਨਤੀਜਿਆਂ ਦੇ ਮਾਪ ਲਈ ਵਿਗਿਆਨਕ ਆਧਾਰ ਹੈ।
- ਪਾਠ-ਯੋਜਨਾ ਦੁਆਰਾ ਅਧਿਆਪਨ ਧਾਰਨਾਵਾਂ ਦਾ ਸਿਧਾਂਤਕ ਗਿਆਨ ਪ੍ਰੈਕਟਿਸ ਵਿੱਚ ਲਿਆਇਆ ਜਾਂਦਾ ਹੈ।

**ਸਿੱਟਾ :**

ਪਾਠ-ਯੋਜਨਾ ਪ੍ਰੀ-ਸੇਵਾ ਅਤੇ ਸੇਵਾਕਾਲੀਨ ਅਧਿਆਪਕਾਂ ਲਈ ਬਹੁਤ ਲਾਹੇਵੰਦ ਹੈ। ਇਸ ਲਈ ਅਧਿਆਪਕਾਂ ਨੂੰ ਵੱਖ-ਵੱਖ ਪਾਠ-ਯੋਜਨਾ ਦੀ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ। ਬੇਸ਼ਕ ਸਮੇਂ ਸਮੇਂ ਤੇ ਵੱਖ-ਵੱਖ ਪ੍ਰਕਾਰ ਦੀਆਂ ਪਾਠ-ਯੋਜਨਾਵਾਂ ਲਾਗੂ ਹੁੰਦੀਆਂ ਰਹੀਆਂ ਹਨ ਪਰ ਅਧਿਆਪਕ ਆਪਣੇ ਆਪ ਨੂੰ ਯੋਜਨਾਬੰਦੀ ਨਾਲ ਪੂਰੀ ਤਰਾਂ ਬੰਨ ਕੇ ਨਹੀਂ ਚੱਲ ਸਕਦਾ। ਵਿਦਿਆਰਥੀਆਂ ਨੂੰ ਮਸ਼ੀਨਾਂ ਵਾਂਗ ਨਹੀਂ ਸਮਝ ਸਕਦੇ। ਇਸ ਲਈ ਅਧਿਆਪਕ ਨੂੰ ਪਾਠ-ਯੋਜਨਾ ਬਣਾਉਂਦੇ ਸਮੇਂ ਇੱਕ ਅਧਿਆਪਕ ਨੂੰ ਆਪਣੀ ਪਾਠ-ਯੋਜਨਾਬੰਦੀ ਵਿੱਚ ਲਚਕੀਲਾਪਣ ਰੱਖਣਾ ਬਹੁਤ ਜਰੂਰੀ ਹੈ। ਬੇਸ਼ਕ ਪ੍ਰੀ-ਸੇਵਾ ਅਧਿਆਪਕਾਂ ਦੀ ਟ੍ਰੇਨਿੰਗ ਲਈ ਪਾਠ-ਯੋਜਨਾ ਦਾ ਹੋਣਾ ਬਹੁਤ ਹੀ ਜਰੂਰੀ ਹੈ ਪਰ ਇਸਨੂੰ ਬਹੁਤ ਸਖ਼ਤ ਨਹੀਂ ਬਣਾਉਣਾ ਚਾਹੀਦਾ। ਇਸ ਦੇ ਨਾਲ ਹੀ ਵਿਦਿਆਰਥੀਆਂ ਦੀਪਾਠ ਵਿੱਚ ਰੁਚੀ ਬਣਾਏ ਰੱਖਣ ਲਈ, ਯੋਜਨਾਬੰਦੀ ਵਿਚ ਸਿਰਜਣਾਤਮਕਤਾ ਹੋਣੀ ਚਾਹੀਦੀ ਹੈ ਕਿਉਂਕਿ ਵਿਦਿਆਰਥੀ ਇੱਕੋ ਜਿਹੀ ਪਾਠ ਯੋਜਨਾ ਨਾਲ ਪਾਠ ਵਿੱਚ ਅਰੁਚਿ ਮਹਿਸੂਸ ਕਰ ਸਕਦੇ ਹਨ। ਇਸ ਲਈ ਲਚਕੀਲੀ ਅਤੇ ਰਚਨਾਤਮਕ ਪਾਠ-ਯੋਜਨਾਬੰਦੀ ਹੀ ਅਧਿਆਪਨ ਨੂੰ ਵਧੀਆ ਅਤੇ ਸਫ਼ਲ ਕਰ ਸਕਦੀ ਹੈ।

**ਛੋਟੇ ਉੱਤਰ ਵਾਲੇ ਪ੍ਰਸ਼ਨ**

1. ਅਧਿਆਪਕਾਂ ਨੂੰ ਜਮਾਤ ਵਿੱਚ ਪੜ੍ਹਾਉਣ ਲਈ ਯੋਜਨਾਬੰਦੀ ਕਿਉਂ ਜ਼ਰੂਰੀ ਹੈ ?
2. ਹਰਬਰਸ਼ੀਅਨ ਪਾਠ-ਯੋਜਨਾ ਦੀ ਰੂਪ-ਰੇਖਾ ਲਿਖੋ।
3. ਆਰ.ਸੀ.ਈ. ਐੱਮ ਪਾਠ-ਯੋਜਨਾ ਅਨੁਸਾਰ ਪਾਠ ਦਾ ਡਿਜ਼ਾਇਨ ਲਿਖੋ।

**1.4.5 ਰਚਨਾਤਮਕ ਨਜ਼ਰੀਏ ਨਾਲ ਯੋਜਨਾਬੰਦੀ :**

**1.4.5.1 ਅਰਥ ਅਤੇ ਧਾਰਨਾ :**

**(ੳ) ਰਚਨਾਤਮਕਵਾਦ ਕੀ ਹੈ ?**

- ਇੱਕ ਥਿਊਰੀ ਜੋ ਇਸ ਗੱਲ ਨੂੰ ਮੰਨਦੀ ਹੈ ਕਿ ਮਨੁੱਖ ਆਪਣੇ ਵਿਚਾਰਾਂ ਅਤੇ ਅਨੁਭਵ ਤੋਂ ਗਿਆਨ-ਭੰਡਾਰਨ ਅਤੇ ਉਸਦੀ ਸਮਝ ਕਰਦੇ ਹਨ।
- ''ਸਮਝ ਲਈ ਅਧਿਆਪਨ'' ਅਖਵਾਉਂਦਾ ਹੈ।
- ਅਧਿਆਪਨ ਦੀ ਅਜਿਹੀ ਕਿਸਮ ਹੈ ਜੋ ਗਿਆਨਤਮਕ ਨਤੀਜਿਆਂ ਦੇ ਉਹਨਾਂ ਅੰਤਰਾਲਾਂ ਨੂੰ ਭਰਦੀ ਹੈ ਜੋ ਕਿ ਪਿਛਲੀਆਂ ਅਧਿਆਪਨ ਵਿਧੀਆਂ ਕਾਰਣ ਰਹਿ ਗਏ ਸਨ।

- ਉੱਚਤਰ ਸੋਚ, ਆਲੋਚਨਾਤਮਕ ਵਿਸ਼ਲੇਸ਼ਣ ਅਤੇ ਸਮੱਸਿਆ ਹੱਲ ਕੌਸ਼ਲਾਂ ਨੂੰ ਵਧਾਉਂਦਾ ਹੈ।
- ਵਿਦਿਆਰਥੀ ਅਰਥਪੂਰਣ ਵਾਰਤਾਲਾਪ (ਗੱਲਬਾਤ) ਵਿੱਚ ਰੁੱਝੇ ਰਹਿੰਦੇ ਹਨ ਅਤੇ ਆਪਣੇ ਸਿੱਖਣ ਨੂੰ ਕੰਟਰੋਲ ਕਰਦੇ ਹਨ।

**(ਅ) ਧਾਰਨਾ :**

ਰਚਨਾਤਮਕ ਯੋਜਨਾਬੰਦੀ ਦਾ ਫ਼ਲਸਫ਼ਾ ਇਹ ਹੈ ਕਿ –

- ਜਦੋਂ ਵਿਦਿਆਰਥੀ ਗਿਆਨ-ਪ੍ਰਾਪਤੀ ਲਈ ਸਰਗਰਮ ਸਿੱਖਣ ਵਿੱਚ ਰੁੱਝਦੇ ਹਨ।
- ਵਿਦਿਆਰਥੀ ਆਪਣੀ ਕਾਰਵਾਈ ਨੂੰ ਦਰਸ਼ਾ ਸਕਣ।
- ਵਿਦਿਆਰਥੀ ਆਪਣੇ ਸਿੱਖਣ ਅਤੇ ਅਰਥ-ਸਮਝਣ ਨੂੰ ਸੇਧ ਦੇਣ ਅਤੇ ਹੋਰਾਂ ਨਾਲ ਵੰਡਣ।
- ਵਿਦਿਆਰਥੀ ਜੇਕਰ ਧਾਰਨਾ ਨੂੰ ਚੰਗੀ ਤਰ੍ਹਾਂ ਨਾ ਵੀ ਸਮਝ ਸਕਣ, ਫੇਰ ਵੀ ਸਮਝਣ ਦੀ ਕੋਸ਼ਿਸ਼ ਕਰਨ।

ਰਵਾਇਤੀ ਤੌਰ ਤੇ ਯੋਜਨਾਬੰਦੀ ਦੀ ਜ਼ਿੰਮੇਵਾਰੀ ਅਕਸਰ ਅਧਿਆਪਕ ਦੀ ਹੁੰਦੀ ਹੈ। ਰਚਨਾਤਮਕਵਾਦ ਇੱਕ ਅਜਿਹੀ ਪਹੁੰਚ ਹੈ ਜਿਸ ਵਿੱਚ ਯੋਜਨਾਬੰਦੀ ਅਧਿਆਪਕ ਤੇ ਵਿਦਿਅਰਥੀ ਦੋਵਾਂ ਦੀ ਸਾਂਝੀ ਹੁੰਦੀ ਹੈ। ਵਿਦਿਆਰਥੀ ਅਤੇ ਅਧਿਆਪਕ ਦੋਵੇਂ ਇਕੱਠੇ ਫੈਸਲੇ ਲੈਂਦੇ ਹਨ। ਪਾਠ-ਯੋਜਨਾ ਦੀ ਰਚਨਾਤਮਕਵਾਦ ਪਹੁੰਚ ਵਿਦਿਆਰਥੀ ਦੁਆਰਾ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਦੀ ਸਮਝ ਉਸ ਦੇ ਆਪਣੇ ਦੁਆਰਾ ਕਰਨ ਤੇ ਨਿਰਭਰ ਕਰਦੀ ਹੈ।

**1.4.5.2 ਰਚਨਾਤਮਕਵਾਦ ਨਜ਼ਰੀਏ ਅਨੁਸਾਰ ਯੋਜਨਾਬੰਦੀ ਵੇਲੇ ਧਿਆਨ-ਰੱਖਣ ਯੋਗ ਗੱਲਾਂ :**

ਰਚਨਾਤਮਕਵਾਦ ਨਜ਼ਰੀਏ ਅਨੁਸਾਰ ਪਾਠ-ਯੋਜਨਾ ਕਰਦੇ ਸਮੇਂ ਅਧਿਆਪਕ ਨੂੰ ਨਿਮਨਲਿਖਿਤ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :-

1. ਹਰ ਵਿਦਿਆਰਥੀ ਆਪਣੇ ਲਈ ਅਸਲੀਅਤ ਆਪਣੇ ਆਪ ਲਈ ਉਸਾਰਦਾ ਹੈ ਅਤੇ ਇਹ ਜਰੂਰੀ ਨਹੀਂ ਕਿ ਇਹ ਦੂਜਿਆਂ ਨਾਲ ਮਿਲਦੀ-ਜੁਲਦੀ ਹੋਵੇ।
2. ਧਾਰਨਾ ਦਾ ਗਿਆਨ (ਅਰਥ ਅਤੇ ਸਮਝ) ਵਿਦਿਆਰਥੀ ਦੁਆਰਾ ਉਸਦੇ ਵਾਤਾਵਰਣ ਵਿੱਚ ਸਮਾਜਿਕ ਸੰਬੰਧਾਂ ਦੇ ਜ਼ਰੀਏ ਬਣਾਇਆ ਜਾਂਦਾ ਹੈ।
3. ਪ੍ਰਭਾਵਸ਼ਾਲੀ ਅਤੇ ਚਿਰ-ਸਥਾਈ ਸਿੱਖਣ ਉਦੋਂ ਹੁੰਦਾ ਹੈ ਜਦੋਂ ਵਿਦਿਆਰਥੀ ਸਮਾਜਿਕ-ਸੰਦਰਭ ਵਿੱਚ ਦੂਜਿਆਂ ਨਾਲ ਮਿਲਕੇ ਸਮਾਜਿਕ ਕਿਰਿਆ ਵਿੱਚ ਭਾਗ ਲੈਂਦਾ ਹੈ ਅਤੇ ਜਦੋਂ ਨਵੀਂ ਜਾਂ ਦੋਹਰਾਈ ਲਈ ਸੰਵੇਦੀ ਇਨਪੁੱਟ ਪਹਿਲਾਂ ਤੋਂ ਮੌਜੂਦ ਗਿਆਨ ਅਤੇ ਸਮਝ ਨਾਲ ਸੰਬੰਧਿਤ ਹੁੰਦੀ ਹੈ। ਰਚਨਾਤਮਕਵਾਦ ਯੋਜਨਾਬੰਦੀ ਅਨੁਸਾਰ ਵਿਦਿਆਰਥੀਆਂ ਨੂੰ ਲਗਾਤਾਰ ਪ੍ਰੇਰਣਾ ਦੇਣਾ ਜਰੂਰੀ ਹੈ। ਵਿਦਿਆਰਥੀਆਂ ਦੀ ਸਿੱਖਿਆ ਉਸਦੀ ਆਪਣੇ ਸਿੱਖਣ ਦੀ ਯੋਗਤਾ ਉੱਤੇ ਹੀ ਨਿਰਭਰ ਹੈ।
4. ਰਚਨਾਤਮਕਵਾਦ ਸਿੱਖਿਆ ਦਾ ਆਧਾਰ ਹੈ ਕਿ ਕੋਈ ਨਵਾਂ ਉਪ-ਵਿਸ਼ਾ ਸਿੱਖਣ ਸਮੇਂ ਸਾਡਾ ਪਹਿਲਾ ਤਜ਼ਰਬਾ ਅਤੇ ਗਿਆਨ ਦੋਵੇਂ ਵਰਤੇ ਜਾਂਦੇ ਹਨ।
5. ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਪੜਤਾਲ ਅਤੇ ਖੋਜ ਦੇ ਪ੍ਰੋਤਸ਼ਾਹਨ ਲਈ ਇੱਕ ਗਾਈਡ ਦਾ ਕੰਮ ਕਰੇ।
6. ਰਚਨਾਤਮਕਵਾਦ ਨਜ਼ਰੀਏ ਨਾਲ ਪਾਠ-ਯੋਜਨਾ ਤਿਆਰ ਕਰਨ ਵੇਲੇ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਉਦੇਸ਼ਾਂ ਨੂੰ ਪਰਿਭਾਸ਼ਿਤ ਕਰੇ; ਬੈਠਣ ਦਾ ਪ੍ਰਬੰਧ ਕਰੇ; ਅਧਿਆਪਨ ਲਈ ਸਭੋਤਾਂ/ਸਾਧਨਾਂ ਅਤੇ ਕਿਰਿਆਵਾਂ ਦਾ ਪ੍ਰਬੰਧ ਕਰੇ ਅਤੇ ਸਿੱਖਣ ਦੇ ਮੁਲਾਂਕਣ ਲਈ ਪ੍ਰੀਖਣ-ਆਈਟਮਾਂ ਦੀ ਰਚਨਾ ਕਰੇ।

**1.4.5.3 ਰਚਨਾਤਮਕਵਾਦ ਪਾਠ-ਯੋਜਨਾ ਕਿਵੇਂ ਕੀ ਹੁੰਦੀ ਹੈ ? :**

ਰਚਨਾਤਮਕਵਾਦ ਨਜ਼ਰੀਏ ਨਾਲ ਪਾਠ ਯੋਜਨਾ ਤਿਆਰ ਕਰਨ ਲਈ ਅਧਿਆਪਕ ਕਈ ਤਰ੍ਹਾਂ ਦੇ ਮਾਡਲਾਂ ਦੀ ਵਰਤਦੇ ਹਨ ਜਿਨਾਂ ਵਿੱਚੋਂ 5-ਈ (5 E) ਮਾਡਲ ਵੀ ਇੱਕ ਹੈ :-

**5 ਈ ਦਾ ਅਰਥ (Meaning of 5 E's) :**

(i) ਰੁਝਾਣਾ (Engage)

(ii) ਖੋਜ ਕਰਨਾ (Explore)

(iii) ਵਿਆਖਿਆ ਕਰਨਾ (Explain)

(iv) ਵਿਸਥਾਰ ਕਰਨਾ (Elaborate)

(v) ਮੁਲਾਂਕਣ ਕਰਨਾ (Evaluate)

**(i) ਰੁਝਾਣਾ (Engage) :** ਇਹ ਸਥਿਤੀ ਅਧਿਆਪਕ ਨੂੰ ਇਹ ਪਤਾ ਲਗਾਉਣ ਵਿੱਚ ਮੱਦਦ ਕਰਦੀ ਹੈ ਕਿ ਵਿਦਿਆਰਥੀ ਕੀ ਜਾਣਦੇ ਹਨ ਜਾਂ ਉਹ ਕੀ ਸੋਚਦੇ ਹਨ ਜੋ ਉਹ ਜਾਣਦੇ ਹਨ।

**(ii) ਖੋਜ ਕਰਨਾ (Explore) :** ਇਹ ਸਟੇਜ ਸਭ ਨੂੰ ਇੱਕੋ ਜਿਹੇ ਅਤੇ ਕਾਫ਼ੀ ਰੇਂਜ ਦੇ ਅਨੁਭਵ ਪ੍ਰਦਾਨ ਕਰਦੀ ਹੈ। ਇਹ ਸਟੇਜ ਵਿਦਿਆਰਥੀਆਂ ਨੂੰ ਇਹ ਤੁਲਨਾ ਕਰਨ ਦਿੰਦੀ ਹੈ ਕਿ ਉਹ ਜੋ ਅਸਲੀਅਤ ਵੇਖ ਰਹੇ ਹਨ, ਉਸ ਬਾਰੇ ਉਹ ਕੀ ਸੋਚਦੇ ਹਨ।

**(iii) ਵਿਆਖਿਆ ਕਰਨਾ (Explain) :** ਇਹ ਸਟੇਜ ਵਿਦਿਆਰਥੀਆਂ ਨੂੰ ਆਪਣੇ ਪੁਰਾਣੇ ਤਜ਼ਰਬੇ ਨਵੇਂ ਤਜ਼ਰਬੇ ਨਾਲ ਜੋੜਨ ਦਾ ਮੌਕਾ ਦਿੰਦੀ ਹੈ ਅਤੇ ਪੜ੍ਹਨ ਵਾਲੀ ਇਕਾਈ ਵਿਚਲੇ ਮੁੱਖ ਵਿਚਾਰਾਂ ਤੋਂ ਧਾਰਨਾ ਬਣਾਉਣ ਦੀ ਸ਼ੁਰੂਆਤ ਕਰਦੀ ਹੈ।

**(iv) ਵਿਸਥਾਰ ਕਰਨਾ (Elaborate) :** ਇਸ ਸਟੇਜ ਤੇ ਵਿਦਿਆਰਥੀ ਧਾਰਨਾਵਾਂ ਦਾ ਨਵੀਆਂ ਸਥਿਤੀਆਂ ਵਿੱਚ ਵਿਸਥਾਰ ਕਰਦੇ ਹਨ ਜਾਂ ਲਾਗੂ ਕਰਦੇ ਹਨ ਅਤੇ ਨਵੇਂ ਤਜ਼ਰਬੇ ਨੂੰ ਆਪਣੇ ਪੁਰਾਣੇ ਤਜ਼ਰਬੇ ਨਾਲ ਜੋੜਦੇ ਹਨ।

**(v) ਮੁਲਾਂਕਣ (Evaluate) :** ਵਿਦਿਆਰਥੀਆਂ ਦੀ ਧਾਰਨਾ ਦੀ ਸਮਝ ਅਤੇ ਕੌਸ਼ਲ ਵਰਤਣ ਦੀ ਕਾਬਲੀਅਤ ਦਾ ਮੁਲਾਂਕਣ, ਰੁਝਾਨਾ ਸਟੇਜ ਤੇ ਸ਼ੁਰੂ ਹੁੰਦੀ ਹੈ ਅਤੇ ਇਸ ਪੂਰੇ ਮਾਡਲ ਦੌਰਾਨ ਚਲਦੀ ਹੈ।

**ਛੋਟੇ ਉੱਤਰ ਵਾਲੇ ਪ੍ਰਸ਼ਨ**

1. ਪਾਠ ਯੋਜਨਾਬੰਦੀ ਦਾ ਰਚਨਾਤਮਕ ਨਜ਼ਰੀਆਂ ਰਵਾਇਤੀ ਨਜ਼ਰੀਏ ਨਾਲੋਂ ਕਿਵੇਂ ਭਿੰਨ ਹੈ ?
2. ਪਾਠ ਯੋਜਨਾਬੰਦੀ ਦੇ ਰਚਨਾਤਮਕਵਾਦ ਨਜ਼ਰੀਏ ਦੇ ਫ਼ਲਸਫ਼ੇ ਦੇ ਕੋਈ ਤਿੰਨ ਗੁਣ ਲਿਖੋ।
3. ਰਚਨਾਮਕਵਾਦ ਨਜ਼ਰੀਏ ਨਾਲ ਬਣਾਈ 5 ਈ ਪਾਠ ਯੋਜਨਾ ਮਾਡਲ ਵਿੱਚ 5 ਈ ਦਾ ਕੀ ਅਰਥ ਹੈ?

### 1.4.6 ਏਕੀਕ੍ਰਿਤ ਅਤੇ ਥੀਮੈਟਿਕ (ਵਿਸ਼ਾ ਆਧਾਰਿਤ) ਪਾਠ ਯੋਜਨਾਬੰਦੀ :

#### 1.4.6.1 ਅਰਥ :

ਏਕੀਕ੍ਰਿਤ ਅਤੇ ਥੀਮੈਟਿਕ ਪਾਠ-ਯੋਜਨਾਬੰਦੀ, ਯੋਜਨਾਬੰਦੀ ਅਤੇ ਅਧਿਆਪਨ ਦਾ ਇੱਕ ਤਰੀਕਾ ਹੈ ਜਿਸ ਵਿੱਚ ਪਾਠ ਕ੍ਰਮ ਦੇ ਬਹੁਤ ਸਾਰੇ ਖੇਤਰ ਆਪਸ ਵਿੱਚ ਜੋੜੇ ਹੁੰਦੇ ਹਨ ਅਤੇ ਇੱਕ ਥੀਮ ਵਿੱਚ ਏਕੀਕ੍ਰਿਤ ਹੁੰਦੇ ਹਨ। ਇਸ ਤਰਾਂ ਦੇ ਅਧਿਆਪਨ ਵਿੱਚ, ਇਕ ਜਾਂ ਕਈ ਧਾਰਨਾਵਾਂ ਦੇ ਅਧਿਆਪਨ ਲਈ ਕਿਸੇ ਇੱਕ ਖਾਸ ਵਿਸ਼ੇ ਨੂੰ ਚੁਣਨ ਤੇ ਜ਼ੋਰ ਦਿੱਤਾ ਜਾਂਦਾ ਹੈ। ਇਹ ਯੋਜਨਾਬੰਦੀ ਬਹੁਤ ਸਾਰੀ ਜਾਣਕਾਰੀ ਦੇ ਏਕੀਕਰਣ ਤੇ ਨਿਰਭਰ ਹੈ ਅਤੇ ਇਸ ਨੂੰ ਵਿਸ਼ੇ ਦੇ ਪ੍ਰਦਰਸ਼ਨ ਲਈ ਵਰਤਿਆ ਜਾਂਦਾ ਹੈ।

#### 1.4.6.2 ਧਾਰਨਾ :

ਏਕੀਕ੍ਰਿਤ ਅਤੇ ਥੀਮੈਟਿਕ ਸਿੱਖਣਾ ਬਰੂਨਰ ਦੇ ਸਪਾਇਰਲ/ਚੱਕਰਦਾਰ ਪਾਠਕ੍ਰਮ ਪਹੁੰਚ ਤੇ ਆਧਾਰਿਤ ਹੈ। ਇਸ ਵਿੱਚ ਵਿਦਿਆਰਥੀ ਨੂੰ ਅਜਿਹਾ ਪ੍ਰਭਾਵਸ਼ਾਲੀ ਵਾਤਾਵਰਣ ਪ੍ਰਦਾਨ ਕਰਨਾ ਹੁੰਦਾ ਹੈ ਜਿਸ ਵਿੱਚ ਵਿਦਿਆਰਥੀ ਆਪਣੇ ਉਹਨਾਂ ਕੌਸ਼ਲਾ ਨੂੰ ਵਰਤ ਸਕਣ ਜੋ ਪਾਠਕ੍ਰਮ ਦੇ ਬਾਕੀ ਖੇਤਰਾਂ ਵਿਚ ਵਿਕਸਿਤ ਹੋਏ ਹੋਣ। ਇਹ ਪਾਠ ਯੋਜਨਾਬੰਦੀ ਇਸ ਵਿਚਾਰ ਤੇ ਆਧਾਰਿਤ ਹੈ ਕਿ ਜਦੋਂ ਵਿਦਿਆਰਥੀ ਜੁੜਵਾਂ ਅਤੇ ਪੂਰਨ ਤਰੀਕੇ ਦੇ ਸੰਦਰਭ ਨਾਲ ਸਿੱਖਦਾ ਹੈ ਤਾਂ ਹੀ ਉਹਨਾਂ ਦੀ ਗਿਆਨ-ਪ੍ਰਾਪਤੀ ਪ੍ਰਭਾਵਸ਼ਾਲੀ ਹੁੰਦੀ ਹੈ। ਇਸਦੇ ਨਾਲ ਹੀ ਇਹ ਸਿੱਖਣਾ ਉਹਨਾਂ ਦੇ ਆਲੇ-ਦੁਆਲੇ ਅਤੇ ਜੀਵਨ ਨਾਲ ਸੰਬੰਧਿਤ ਉਦਾਹਰਣਾਂ ਨਾਲ ਜੋੜ ਸਕਣ ਦੇ ਕਾਬਿਲ ਹੋਣਾ ਚਾਹੀਦਾ ਹੈ। ਏਕੀਕ੍ਰਿਤ ਅਤੇ ਵਿਸ਼ਾ-ਆਧਾਰਿਤ ਪਾਠ-ਯੋਜਨਾ ਵਿੱਚ ਗਿਆਨਤਮਕ ਕੌਸ਼ਲਾਂ (ਭਾਵ ਪੜ੍ਹਨਾ, ਸੋਚਣਾ, ਯਾਦ ਕਰਨਾ ਅਤੇ ਲਿਖਣਾ) ਨੂੰ ਅਸਲੀ ਜੀਵਨ ਸਥਿਤੀਆਂ ਨਾਲ ਜੋੜਿਆ ਜਾਂਦਾ ਹੈ ਤਾਂ ਕਿ ਸਿਰਜਣਾਤਮਕ ਨੂੰ ਪ੍ਰੋਤਸ਼ਾਹਿਤ ਕੀਤਾ ਜਾ ਸਕੇ।

#### 1.4.6.3 ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਦੇ ਚਰਣ :

ਏਕੀਕ੍ਰਿਤ ਅਤੇ ਵਿਸ਼ਾ-ਆਧਾਰਿਤ ਪਾਠ ਯੋਜਨਾਬੰਦੀ ਦੇ ਨਿਮਨਲਿਖਿਤ ਚਰਣ ਹੁੰਦੇ ਹਨ :-

**(i) ਥੀਮ ਨਿਸ਼ਚਿਤ ਕਰਨਾ :**

ਥੀਮ ਨਿਰਧਾਰਨ ਅਕਸਰ ਅਧਿਆਪਕ ਦੁਆਰਾ ਅਤੇ ਕਦੇ-ਕਦੇ ਵਿਦਿਆਰਥੀਆਂ ਦੁਆਰਾ ਹੁੰਦਾ ਹੈ। ਇਹ ਕੋਈ

ਛੋਟੀ ਧਾਰਨਾ (ਪਿੰਡ, ਮਾਂ ਜਾਂ ਜਲਵਾਯੂ) ਤੋਂ ਲੈ ਕੇ ਵੱਡੀ ਜਾਂ ਏਕੀਕ੍ਰਿਤ ਧਾਰਨਾ (ਜਿਵੇਂ ਪਾਰਸਥਿਤਿਕਤੰਤਰ ਜਾਂ ਵਾਯੂਮੰਡਲ) ਹੋ ਸਕਦੀ ਹੈ।

**(ii) ਥੀਮ ਨੂੰ ਮੌਜੂਦਾ ਪਾਠ-ਕ੍ਰਮ ਨਾਲ ਏਕੀਕ੍ਰਿਤ ਕਰਨਾ :**

ਅਗਲੇ ਚਰਣ ਵਿੱਚ ਥੀਮ ਨੂੰ ਮੌਜੂਦਾ ਪਾਠਕ੍ਰਮ ਨਾਲ ਇਸ ਤਰੀਕੇ ਨਾਲ ਏਕੀਕ੍ਰਿਤ ਕੀਤਾ ਜਾਂਦਾ ਹੈ ਤਾਂ ਕਿ ਕੌਸ਼ਲ ਵਿਕਾਸ ਅਤੇ ਵਿਸ਼ਾ-ਵਸਤੂ ਦਾ ਗਿਆਨ ਨਾਲ-ਨਾਲ ਹੋ ਸਕਣ।

**(iii) ਨਿਰਦੇਸ਼ਨ ਡਿਜ਼ਾਇਨ ਕਰਨਾ ਅਤੇ ਸਹਿ-ਪਾਠਕ੍ਰਮ ਦੀ ਯੋਜਨਾ ਬਣਾਉਣਾ :**

ਇਸ ਚਰਨ ਵਿੱਚ ਬਾਕੀ ਸੰਸਾਧਨਾਂ ਅਤੇ ਸਹਿ-ਪਾਠੀ ਕਿਰਿਆਵਾਂ ਦਾ ਪ੍ਰਬੰਧ ਕਰਨਾ ਆਉਂਦਾ ਹੈ ਜਿਹੜੀਆਂ ਥੀਮ ਦਾ ਪ੍ਰਦਰਸ਼ਨ ਕਰਨ (ਜਿਵੇਂ ਕਿ ਬਾਟਨੀਕਲ ਬਗੀਚੇ ਦੀ ਸੈਰ ਜਾਂ ਫੀਲਡ ਟਰਿਪ।)

**(iv) ਸਮੂਹ ਕਿਰਿਆਵਾਂ ਅਤੇ ਵਿਚਾਰ-ਵਟਾਂਦਰਾ :**

ਸਮੂਹ ਕਿਰਿਆਵਾਂ ਅਤੇ ਵਿਚਾਰ-ਵਟਾਂਦਰਾ ਵਿਦਿਆਰਥੀਆਂ ਨੂੰ ਭਾਗ ਲੈਣ ਅਤੇ ਭਾਗੀਦਾਰੀ ਨਾਲ ਥੀਮ ਤੇ ਪਹੁੰਚਣ ਦੇ ਯੋਗ ਬਣਾਉਂਦਾ ਹੈ। ਇਹ ਵਿਸ਼ੇ ਦੀ ਸਿਰਜਣਾਤਮਕ ਖੋਜ ਦੇ ਵਿੱਚ ਵੀ ਲਾਹੇਵੰਦ ਹੈ।

### 1.4.6.4 ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਦੇ ਪ੍ਰਭਾਵ :

ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਦੇ ਲਾਭ ਨਿਮਨਲਿਖਿਤ ਹਨ :

1. ਇਹ ਸਮਝ ਨਾਲ ਸਿੱਖਣ ਨੂੰ ਪ੍ਰੋਤਸਾਹਿਤ ਕਰਦੀ ਹੈ ਅਤੇ ਰੱਟਣ ਨੂੰ ਘਟਾਉਂਦੀ ਹੈ।
2. ਇਹ ਸਿੱਖਣ ਨੂੰ ਕੁਦਰਤੀ ਅਤੇ ਘੱਟ ਬਿਖਰਿਆ ਬਣਾਉਂਦੀ ਹੈ।
3. ਇਹ ਸ਼ਬਦ-ਜੋੜ ਅਤੇ ਅੱਖਰ ਅਤੇ ਵਾਕ ਲਿਖਣਾ ਤੇ ਜਿਆਦਾ ਸਮਾਂ ਅਤੇ ਨਿਰੰਤਰਤਾ ਨਾਲ ਪੜ੍ਹਨ-ਲਿਖਣ ਨੂੰ ਅੱਗੇ ਵਧਾਉਂਦੀ ਹੈ।
4. ਇਹ ਸੰਬੰਧਿਤ ਵਿਚਾਰਾਂ ਨੂੰ ਇੱਕ ਦੂਜੇ ਨਾਲ ਜੋੜ ਕੇ ਆਸਾਨ ਬਣਾਉਂਦੀ ਹੈ।
5. ਇਹ ਵਿਦਿਆਰਥੀਆਂ ਲਈ ਲਾਹੇਵੰਦ ਹੈ ਕਿਉਂਕਿ ਇਹ ਸਿੱਖਣ ਨੂੰ ਜ਼ਿਆਦਾ ਤੇਜ਼, ਕੌਸ਼ਲਾਂ ਦੇ ਜਲਦੀ ਵਿਕਾਸ, ਵਿਦਿਆਰਥੀਆਂ ਦਾ ਆਪਸੀ ਪ੍ਰੋਤਸਾਹਨ, ਜ਼ਿਆਦਾ ਵਿਸ਼ਵਾਸ਼ ਅਤੇ ਜ਼ਿਆਦਾ ਪ੍ਰੇਰਿਤ ਬਣਾਉਂਦੀ ਹੈ।
6. ਇਹ ਅਧਿਆਪਕਾਂ ਲਈ ਲਾਭਦਾਇਕ ਹੈ ਕਿਉਂਕਿ ਇਹ ਅਧਿਆਪਨ ਨੂੰ ਰੋਚਕ ਅਤੇ ਘੱਟ ਮੇਹਨਤ ਦੀ ਜਰੂਰਤ ਵਾਲਾ ਬਣਾਉਂਦੀ ਹੈ।

**ਛੋਟੇ ਉੱਤਰ ਵਾਲੇ ਪ੍ਰਸ਼ਨ**

1. ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਤੋਂ ਕੀ ਭਾਵ ਹੈ ?
2. ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਦਾ ਕੀ ਆਧਾਰ ਹੈ ?
3. ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ ਦੇ ਕੋਈ ਤਿੰਨ ਲਾਭ ਦੱਸੋ ?

### 1.4.7 ਪਾਠ ਦਾ ਸਾਰ :

ਇਸ ਪਾਠ ਵਿੱਚ ਅਸੀਂ ਉਦੇਸ਼ਾ, ਉਦੇਸ਼ਾ ਦੇ ਵਰਗੀਕਰਣ (ਬਲੂਮ, ਮੀਗਰ ਅਤੇ ਮਿੱਲਰ ਅਨੁਸਾਰ), ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿੱਖਣਾ ਅਤੇ ਉਦੇਸ਼ਾ ਦੇ ਮਹੱਤਵ ਬਾਰੇ ਪੜ੍ਹਿਆ। ਅਸੀਂ ਪਾਠ-ਯੋਜਨਾਬੰਦੀ ਦੀਆਂ ਵੱਖ-ਵੱਖ ਪਹੁੰਚਾਂ (ਹਰਬਰਸ਼ੀਅਨ, ਬਲੂਮ ਅਤੇ ਆਰ.ਸੀ.ਈ. ਐੱਮ ਪਹੁੰਚ) ਬਾਰੇ ਪੜ੍ਹਿਆ। ਅਸੀਂ ਰਚਨਾਤਮਕ ਨਜ਼ਰੀਏ ਨਾਲ ਪਾਠ ਯੋਜਨਾ ਵੀ ਲਿਖੀ। ਇੱਕ ਹੋਰ ਮਹੱਤਵਪੂਰਣ ਯੋਜਨਾਬੰਦੀ-ਏਕੀਕ੍ਰਿਤ ਅਤੇ ਥੀਮੈਟਿਕ ਪਾਠ-ਯੋਜਨਾਬੰਦੀ ਦੀ ਪਹੁੰਚ ਵੀ ਇਸ ਪਾਠ ਵਿੱਚ ਸਮਝਾਈ ਗਈ।

### 1.4.8 ਸ਼ਬਦ-ਕੁੰਜੀ :

(i) **ਨਿਰਦੇਸ਼ਨ ਉਦੇਸ਼ :** ਇਹ ਅਧਿਆਪਕ ਦੁਆਰਾ ਬਣਾਏ ਕਥਨਾਂ ਦਾ ਸਮੂਹ ਹੁੰਦਾ ਹੈ ਜੋ ਕਿ ਇਹ ਬਿਆਨ ਕਰਦਾ ਹੈ ਕਿ ਵਿਦਿਆਰਥੀ ਜਮਾਤ ਪੂਰੀ ਹੋਣ ਤੋਂ ਬਾਦ ਕੀ ਕਰਨਗੇ ਜਾਂ ਕੀ ਕਰਨ ਦੇ ਯੋਗ ਹੋਣਗੇ।

(ii) **ਉਦੇਸ਼ਾਂ ਦੀ ਟੈਕਸਾਨੋਮੀ :** ਵਿਵਹਾਰ ਡੋਮੇਨਾਂ ਵਿੱਚ ਉਦੇਸ਼ਾਂ ਦਾ ਵਰਗੀਕਰਨ।

(iii) **ਵਿਵਹਾਰ-ਡੋਮੇਨ :** ਡੋਮੇਨ ਵਿੱਚ ਵਿਵਹਾਰ ਦੀਆਂ ਤਿੰਨ ਕਿਸਮਾਂ ਆਉਂਦੀਆਂ ਹਨ :- ਗਿਆਨਤਮਕ (ਜਾਣਨਾ), ਪ੍ਰਭਾਵਤਮਕ (ਮਹਿਸੂਸ ਕਰਨਾ) ਅਤੇ ਸਾਈਕੋਮੋਟਰ (ਕਰਨਾ)

(iv) **ਪਾਠ-ਯੋਜਨਾਬੰਦੀ :** ਜਮਾਤ ਤੋਂ ਪਹਿਲਾਂ ਜਮਾਤ ਵਿੱਚ ਹੋਣ ਵਾਲੇ ਅਧਿਆਪਨ ਸਿੱਖਣ ਤਜਰਬਿਆਂ ਦਾ ਲਿਖਿਤ ਰੂਪ ਤਿਆਰ ਕਰਨਾ।

(v) **ਰਚਨਾਤਮਕਵਾਦ ਨਜ਼ਰੀਆ :** ਜਿਸ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਿਖਿਆਰਥੀ ਗਿਆਨ ਪ੍ਰਾਪਤੀ ਲਈ ਆਪਣੀ ਸਮਝ ਆਪ ਖੁਦ ਬਣਾਉਂਦਾ ਹੈ ਜਦੋਂ ਉਹ ਕਿਰਿਆਤਮਕ ਸਿੱਖਣ ਵਿੱਚ ਰੁਝਿਆ ਹੁੰਦਾ ਹੈ।

(vi) **ਏਕੀਕ੍ਰਿਤ ਅਤੇ ਥੀਮੈਟਿਕ ਯੋਜਨਾਬੰਦੀ :** ਪਾਠਕ੍ਰਮ ਵਿੱਚੋਂ ਕਈ ਉਪ-ਵਿਸ਼ਿਆ ਨੂੰ ਏਕੀਕ੍ਰਿਤ ਅਤੇ ਇੱਕ ਥੀਮ ਤੇ ਪਾਠ-ਯੋਜਨਾ ਬਣਾਉਣਾ।

### 1.4.9 ਸੁਝਾਏ ਗਏ ਪ੍ਰਸ਼ਨ :

1. ਨਿਰਦੇਸ਼ਨ ਉਦੇਸ਼ ਕੀ ਹਨ ? ਸਿੱਖਿਆ ਜਾਂ ਨਿਰਦੇਸ਼ਨ ਉਦੇਸ਼ਾਂ ਦੇ ਵਰਗੀਕਰਨ ਤੋਂ ਕੀ ਭਾਵ ਹੈ ? ਬਲੂਮ ਦੁਆਰਾ ਗਿਆਨਾਤਮਕ ਅਤੇ ਪ੍ਰਭਾਵਤਮਕ ਡੋਮੇਨ ਵਿੱਚ ਦਿੱਤੇ ਸਿੱਖਿਆ ਜਾਂ ਨਿਰਦੇਸ਼ਨ ਉਦੇਸ਼ਾਂ ਦਾ ਵਰਣਨ ਕਰੋ।
2. ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣਾ ਕੀ ਹੈ ? ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਲਈ ਮਹੱਤਵਪੂਰਨ ਤਰੀਕੇ ਜਾਂ ਪਹੁੰਚਾ ਕਿਹੜੀਆਂ ਹਨ ?
3. ਉਦੇਸ਼ਾਂ ਨੂੰ ਵਿਵਹਾਰਿਕ ਰੂਪ ਵਿੱਚ ਲਿਖਣ ਲਈ ਆਰ.ਸੀ.ਈ. ਐੱਮ ਪਹੁੰਚ ਦੀ ਵਿਸਥਾਰ ਸਹਿਤ ਵਿਆਖਿਆ ਕਰੋ। ਇੱਕ ਸਕੂਲ ਵਿਸ਼ੇ ਦੇ ਪੜ੍ਹਾਉਣ ਦੇ ਸੰਬੰਧ ਵਿੱਚ ਇਹਨਾਂ ਦੀਆਂ ਯੋਗ ਉਦਾਹਰਣਾਂ ਵੀ ਦਿਉ।
4. ਪਾਠ-ਯੋਜਨਾ ਕੀ ਹੈ ? ਇੱਕ ਸਫ਼ਲ ਪਾਠ-ਯੋਜਨਾ ਕਿਹੋ ਜਿਹੀ ਹੁੰਦੀ ਹੈ।
5. ਰਚਨਾਤਮਕਵਾਦ ਨਜ਼ਰੀਏ ਤੋਂ ਪਾਠ-ਯੋਜਨਾ ਨੂੰ ਵਿਸਥਾਰ ਸਹਿਤ ਲਿਖੋ।
6. ਅਧਿਆਪਨ-ਸਿੱਖਣ ਦੀ ਏਕੀਕ੍ਰਿਤ ਅਤੇ ਥੀਮੈਟਿਕ ਪਾਠ-ਯੋਜਨਾ ਦਾ ਵਿਸਥਾਰ ਪੂਰਵਕ ਵਰਣਨ ਕਰੋ।

### 1.4.10 ਪੜ੍ਹਨ-ਸਮੱਗਰੀ ਸੁਝਾਅ :


(i) www.itma.vtedn/corses/humgic/lesson3/wrolfollow-objectives.pdf

(ii) www.sydney.edu.au/education_social_work/learning_teaching/ict/theory/ constructivism

(iii) Chauhan. S.S. (2014). "Innovations in Teaching Learning Process". Noida. Vikas Publishing House Private Ltd.

(iv) Pandey, K.P. (1980). A first course in instructional technology, Delhi, Amitosh Prakashan.

(v) Sharma, R.A. "Technology of Teaching." Meerut. R. Lall Book Depot.

(vi) Walia J.S. (2012). Teaching Learning Process, Jalandhar, Ahim Paul Publishers.

(vii) Sharma, R.A. "Advanced Educational Technology". Meerut, Loyal Book Depot.

(viii) http.//www.slideshare.net/mlegan31/the-constructivism-approach-to-learning-reforming-the

(ix) http.//www.mcps.k12.md.us/curriculum/science/instr/5Esactivities.htm

(x) http.//cte.jhu.edu/techacademy/fellows/ullrich/webquest/ScienceLesson.html

(xi) http.//www.thirteen.org/edonline/concept2class/constructivism/demonstrationl.html

(xii) http./www.cmints.org/tools/constructivistlesson-form2.pdf

(xiii) http.//www.miamisci.org/ph/lpintro5e.html

(xiv) Singh, Agyajit and Sood, Richa. Understanding the Learner, Patiala : Twenty First Century Publications.


**1.4.11 ਸਵੈ-ਚੈੱਕ ਅਭਿਆਸ :**

ਨਿਮਨਲਿਖਿਤ ਕਥਨਾਂ ਨੂੰ ਪੜ੍ਹ ਕੇ ਹਾਂ ਜਾਂ ਨਹੀਂ ਵਿੱਚ ਉੱਤਰ ਦਿਉ :-

1. ਲੈਕਚਰ ਦੇਣਾ, ਗਿਆਨ ਉਦੇਸ਼ ਨਾਲ ਸੰਬੰਧਿਤ ਕਿਰਿਆ ਸ਼ਬਦ ਹੈ।
2. 5 ਈ ਮਾਡਲ, ਏਕੀਕ੍ਰਿਤ ਅਤੇ ਥੀਮੈਟਿਕ ਪਾਠ ਯੋਜਨਾ ਨਾਲ ਸੰਬੰਧਤ ਹੈ।
3. ਏਕੀਕ੍ਰਿਤ ਅਤੇ ਥੀਮੈਟਿਕ ਸਿੱਖਣਾ, ਬਰੂਨਰ ਦੇ ਸਪਾਇਰਲ ਜਾਂ ਚੱਕਰਦਾਰ ਪਾਠਕ੍ਰਮ ਪਹੁੰਚ ਤੇ ਆਧਾਰਿਤ ਹੈ।
4. ਰਚਨਾਤਮਕ ਪਾਠ ਯੋਜਨਾਬੰਦੀ ਦਾ ਫ਼ਲਸਫ਼ਾ ਹੈ ਕਿ ਵਿਦਿਆਰਥੀ ਪਾਠ ਯੋਜਨਾ ਵਿੱਚ ਭਾਗ ਨਾ ਲੈਣ।
5. ਮਿੱਲਰ ਦੁਆਰਾ ਉਦੇਸ਼ਾਂ ਦੇ ਵਰਗੀਕਰਨ ਵਿੱਚ ਸਾਈਕੋਮੋਟਰ ਉਦੇਸ਼ ਸ਼ਾਮਲ ਨਹੀਂ ਹਨ।